ਪੱਤਰਕਾਰੀ ਅਤੇ ਜਨਸੰਚਾਰ ਵਿਭਾਗ ਦਾ ਉਪਰਾਲਾ

# ਕੈਂਪਸਨਾਮਾ

Estd. 1892

ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਮਹੀਨੇਵਾਰ ਪੱਤ੍ਰਿਕਾ

ਸਾਲ 1 ਅੰਕ 2 । ਜਨਵਰੀ 2020 । ਸਰਪ੍ਰਸਤ: ਪ੍ਰਿੰਸੀਪਲ ਡਾ. ਮਹਿਲ ਸਿੰਘ । ਮੁੱਖ ਸੰਪਾਦਕ: ਪ੍ਰੋ. ਅਮਨਜਯੋਤੀ ਕੌਰ । ਸੰਪਾਦਕ: ਪ੍ਰੋ. ਦੀਪ ਜਗਦੀਪ ਸਿੰਘ । ਮੁੱਲ: 25 ਰੁਪਏ

## ਗੁਰੂ ਨਾਨਕ ਦੇ ਫ਼ਲਸਫ਼ੇ ਅਤੇ ਜੀਵਨ ਨੂੰ ਦਰਸਾਉਂਦੀ ਪੁਸਤਕ 'ਗੁਰੂ ਨਾਨਕ ਦਰਸ਼ਨ' ਲੋਕ-ਅਰਪਿਤ

### ਗੁਰੂ ਸਾਹਿਬ ਦੇ ਫ਼ਲਸਫ਼ੇ ਦੀ ਬੇ-ਜੋੜ ਮਿਸਾਲ ਹੈ ਪੁਸਤਕ: ਗਿਆਨੀ ਜਗਤਾਰ ਸਿੰਘ



ਲੋਕ ਅਰਪਨ ਸਮਾਰੋਹ ਦੌਰਾਨ ਮੰਚ 'ਤੇ ਹਾਜ਼ਰ ਪਤਵੰਤੇ ਵਿਦਵਾਨ

**ਖ਼ਾਲਸਾ ਕਾਲਜ**। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਅਤੇ ਮਹਾਨਤਾ ਦਾ ਕੋਈ ਸਾਨੀ ਨਹੀਂ ਹੈ। ਗੁਰੂ ਨਾਨਕ ਦਰਸ਼ਨ ਪੁਸਤਕ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਫ਼ਲਸਫ਼ੇ ਦੀ ਬੇ-ਜੋੜ ਮਿਸਾਲ ਹੈ। ਉਨਾਂ ਕਿਹਾ ਕਿ ਗੁਰੂ ਸਾਹਿਬ ਜੀ ਦੇ ਵੱਖ ਵੱਖ ਚਿੱਤਰਾਂ ਚ ਉਨਾ ਦਾ ਪੂਰਾ ਜੀਵਨ ਤੇ ਬਾਣੀ ਫ਼ਲਸਫ਼ਾ ਰਮਿਆ ਹੋਇਆ ਨਜ਼ਰ ਆਉਂਦਾ ਹੈ। ਇਹ ਉਮਰ ਅਤੇ ਇਤਿਹਾਸ ਦੀ ਤੋਰ ਮੁਤਾਬਕ ਗੁਰੂ ਸਾਹਿਬ ਜੀ ਬਾਰੇ ਇਕ ਦੁਰਲੱਭ ਪੁਸਤਕ ਹੈ। ਇਸ ਪੁਸਤਕ ਦੀ ਪੇਸ਼ਕਾਰੀ ਤੇ ਤਿਆਰੀ ਚ ਸਤਿਕਾਰ ਤੇ ਸ਼ਰਧਾ ਦੇ ਨਾਲ ਨਾਲ ਗੁਰਮਤਿ ਦੀ ਸੋਝੀ ਵੀ ਸਮੋਈ ਹੋਈ ਨਜ਼ਰ ਆਉਂਦੀ ਹੈ। ਉਨਾਂ ਕਿਹਾ ਕਿ ਮਹਾਨ ਸੰਸਥਾ ਖ਼ਾਲਸਾ ਕਾਲਜ ਨੂੰ ਚਲਾਉਣ ਵਾਲੀ ਗਵਰਨਿੰਗ ਕੌਂਸਲ ਨੇ ਅਜਿਹੀ ਪੁਸਤਕ ਰਾਹੀਂ ਆਪਣੀ ਸਿੱਖੀ ਪ੍ਰਤੀ ਸਮਰਪਿਤ ਭਾਵਨਾ ਤੇ ਪੰਥ ਪ੍ਰਸਤੀ ਦਾ ਸਬੂਤ ਦਿੱਤਾ ਹੈ। ਅਜਿਹੀ ਮਿਆਰੀ ਪੁਸਤਕ ਦੀ ਆਮਦ ਸਬੰਧੀ ਸਮੂਹ ਪ੍ਰਬੰਧਕ ਵਧਾਈ ਦੇ ਪਾਤਰ ਹਨ। ਇਹ ਵਿਚਾਰ ਅੱਜ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਧਾਰਮਿਕ ਸਮਾਗਮ ਮੌਕੇ ਗੁਰੂ ਨਾਨਕ ਦਰਸ਼ਨ ਪੁਸਤਕ ਲੋਕ ਅਰਪਿਤ ਕਰਦਿਆਂ ਉਚੇਚੇ ਤੌਰ ਤੇ ਪੁੱਜੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਆਪਣੇ ਸੰਬੋਧਨ ਰਾਹੀਂ ਸਾਂਝੇ ਕੀਤੇ। ਇਸ ਮੌਕੇ ਉਨਾਂ ਨਾਲ ਕੌਂਸਲ ਦੇ ਪ੍ਰਧਾਨ ਸ: ਸੱਤਿਆਜੀਤ ਸਿੰਘ ਮਜੀਠੀਆ ਅਤੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਤੇ ਹੋਰ ਕੌਂਸਲ ਦੇ ਅਹੁੱਦੇਦਾਰ ਵੀ ਮੌਜੂਦ ਸਨ। ਇਸ ਮੌਕੇ ਸ: ਮਜੀਠੀਆ ਨੇ ਕਿਹਾ ਕਿ ਅੱਜ ਸਮੂਹ ਮੈਨੇਜ਼ਮੈਂਟ ਆਪਣੇ ਆਪ ਨੂੰ ਬਹੁਤ ਹੀ ਵੱਡਭਾਗਾ ਮਹਿਸੂਸ ਕਰ ਰਿਹਾ ਹੈ ਕਿ ਗੁਰੂ ਸਾਹਿਬ ਦੇ ਅਵਤਾਰ ਧਾਰਨ ਤੋਂ ਲੈ ਕੇ ਅਨੇਕਾਂ ਲੋਕਾਂ ਦਾ ਉਧਾਰ ਕਰਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਬੜੇ ਸੁਚੱਜੇ ਅਤੇ ਸੁੰਦਰ ਢੰਗ ਨਾਲ ਨਾਮਵਰ ਚਿੱਤਰਕਾਰਾਂ ਦੁਆਰਾ ਤਿਆਰ ਕੀਤੇ ਗਏ ਚਿੱਤਰਾਂ ਅਤੇ ਜੀਵਨੀ ਸਮੇਤ ਪੁਸਤਕ ਚ ਪੇਸ਼ ਕੀਤਾ ਗਿਆ ਹੈ। ਉਨਾਂ ਕਿਹਾ ਕਿ ਗੁਰੂ ਨਾਨਕ ਦਰਸ਼ਨ ਪੁਸਤਕ ਗੁਰੂ ਸਾਹਿਬ ਦੇ 550 ਸਾਲਾ ਆਗਮਨ ਪੁਰਬ ਨੂੰ ਸਮਰਪਿਤ ਹੈ। ਅਜੇਹੇ ਦਿਹਾੜੇ ਸਿੱਖ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ ਤੇ ਫਲਸਫ਼ੇ ਨਾਲ ਜੋੜਨ ਦੀ ਵੱਡੀ ਪ੍ਰੇਰਨਾ ਦਾ ਸਬੱਬ ਬਣਦੇ ਹਨ।ਇਸ ਮੌਕੇ ਸ: ਛੀਨਾ ਨੇ ਪੁਸਤਕ ਲੋਕ ਅਰਪਿਤ ਕਰਨ ਦੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਮੈਨੂੰ ਬਹੁਤ ਫ਼ਖਰ ਮਹਿਸੂਸ ਹੋ ਰਿਹਾ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਸਿੱਖਾਂ ਦੇ ਪਹਿਲੇ ਗੁਰੂ ਧੰਨ ਸ੍ਰੀ ਗੁਰੂ ਨਾਨਕ ਜੀ ਦੇ ਜੀਵਨ ਨੂੰ ਰੂਪਮਾਨ ਕਰਦੀ ਧਾਰਮਿਕ ਪੁਸਤਕ ਦੇ ਸਮਾਗਮ ਤੇ ਪੁੱਜੇ ਹਨ। ਉਨਾਂ ਕਿਹਾ ਕਿ ਮੈਨੇਜ਼ਮੈਂਟ ਪਾਸੋਂ ਗੁਰੂ ਸਾਹਿਬ ਜੀ ਨੇ ਆਪਣੀ ਆਪਾਰ ਕ੍ਰਿਪਾ ਦ੍ਰਿਸ਼ਟੀ ਨਾਲ ਅਜੇਹਾ ਕਾਰਜ ਕਰਵਾਇਆ ਹੈ। ਉਨਾਂ ਕਿਹਾ ਸੁਸਾਇਟੀ ਦੇ ਪ੍ਰਬੰਧ ਅਧੀਨ ਕਾਰਜਸ਼ੀਲ ਸੰਸਥਾਵਾਂ ਸਦਾ ਹੀ ਗੁਰਮਤਿ ਦੇ ਪ੍ਰਚਾਰ ਤੇ ਪਾਸਾਰ ਲਈ ਯਤਨਸ਼ੀਲ ਰਹਿੰਦੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਸਦਕਾ ਖ਼ਾਲਸਾ ਕਾਲਜ ਤੋਂ ਇਲਾਵਾ ੨੦ ਹੋਰ ਵਿੱਦਿਅਕ ਅਦਾਰੇ ਸੁਸਾਇਟੀ ਦੇ ਪ੍ਰਬੰਧ ਅਧੀਨ ਸਫ਼ਲਤਾ ਪੂਰਵਕ ਚੱਲ ਰਹੇ ਹਨ। ਸ: ਛੀਨਾ ਨੇ ਕਿਹਾ ਕਿ ਪੁਸਤਕ ਇਕ ਵਿਸ਼ੇਸ਼ ਸਤਿਕਾਰਤ ਅਕੀਦੇ ਤਹਿਤ ਤਿਆਰ ਕਰਵਾਈ ਗਈ ਹੈ। ਇਸ ਦੀ ਤਿਆਰੀ ਸਬੰਧੀ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ, ਪ੍ਰਿੰਸੀਪਲ ਅਤੇ ਸਿੱਖ ਚਿੰਤਕ ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਅਰਵਿੰਦਰ ਸਿੰਘ ਚਮਕ ਅਤੇ ਅੰਡਰ ਸੈਕਟਰੀ ਸ. ਡੀ. ਐਸ. ਰਟੌਲ ਦਾ ਯੋਗਦਾਨ ਵਿਸ਼ੇਸ਼ ਰਿਹਾ ਹੈ।

**ਬਾਕੀ ਸਫ਼ਾ 2 'ਤੇ...**

## ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਦਾ ਸੁਨੇਹਾ ਦਿੰਦੇ ਨਾਟਕ ਵਿਸਮਾਦ ਦਾ ਮੰਚਨ



**ਖ਼ਾਲਸਾ ਕਾਲਜ** (ਕੁਲਦੀਪ ਸ਼ਰਮਾ): ਖ਼ਾਲਸਾ ਕਾਲਜ ਰੰਗਮੰਚ ਵੱਲੋਂ ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਫ਼ਲਸਫ਼ੇ 'ਤੇ ਆਧਾਰਿਤ ਨਾਟਕ 'ਵਿਸਮਾਦ' ਦਾ ਮੰਚਣ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਕਾਲਜ ਦੇ ਰਜਿਸਟਰਾਰ ਪ੍ਰੋ. ਦਵਿੰਦਰ ਸਿੰਘ ਵੱਲੋਂ ਲਿਖਿਆ ਅਤੇ ਰੰਗਮੰਚ ਵਿਭਾਗ ਦੇ ਅਧਿਆਪਕ ਪ੍ਰੋ. ਇਮੈਨੂਅਲ ਸਿੰਘ ਵੱਲੋਂ ਨਿਰਦੇਸ਼ਿਤ ਨਾਟਕ 'ਵਿਸਮਾਦ' ਦੀਆਂ ਵੱਖ-ਵੱਖ ਥਾਵਾਂ 'ਤੇ ਛੇ ਪੇਸ਼ਕਾਰੀਆਂ ਹੋ ਚੁੱਕੀਆਂ ਹਨ।

ਇਸ ਨਾਟਕ ਵਿਚ ਭਾਈ ਮਰਦਾਨਾ ਦੇ ਫ਼ਰਜ਼ੰਦ ਸ਼ਹਿਜ਼ਾਦ ਨੂੰ ਕੇਂਦਰੀ ਪਾਤਰ ਵੱਜੋਂ ਲਿਆ ਗਿਆ ਹੈ, ਜੋ ਗੁਰੂ ਨਾਨਕ ਸਾਹਿਬ ਦੀ ਬਾਣੀ ਅਤੇ ਫ਼ਲਸਫ਼ੇ ਦੇ ਆਧਾਰ 'ਤੇ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਹੋਕਾ ਦਿੰਦਾ ਹੈ। ਇਹ ਨਾਟਕ ਬੇਹੱਦ ਭਾਵਪੂਰਤ ਤਰੀਕੇ ਨਾਲ ਦਰਸ਼ਕਾਂ ਨੂੰ ਗੁਰੂ ਸਾਹਿਬ ਦੇ ਵਿਚਾਰਾਂ ਨਾਲ ਜੋੜਦਾ ਹੋਇਆ ਇਕ ਸਰਬ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਦਾ ਸੁਨੇਹਾ ਦਿੰਦਾ ਹੈ। ਨਾਟਕ ਵਿਚ ਕਮਲਪ੍ਰੀਤ ਸਿੰਘ, ਜਸਮੇਲ ਸਿੰਘ, ਮਾਰਕਸ, ਅਕਸ਼ੈ ਕੁਮਾਰ, ਜੱਗਾ ਸਿੰਘ, ਲਵਲੀਨ ਕੌਰ, ਜਗਰੂਪ ਸਿੰਘ, ਧਿਆਨਚੰਦ, ਦਮਨਦੀਪ ਸਿੰਘ, ਐੱਮਪੀ ਮਸੀਹ, ਗੁਰਦੀਪ ਸਿੰਘ ਅਤੇ ਮਹਿਕ ਸ਼ਰਮਾ ਨੇ ਆਪਣੀ-ਆਪਣੀ ਭੂਮਿਕਾ ਬਖ਼ੂਬੀ ਨਿਭਾਈ ਹੈ। ਰੰਗਮੰਚ ਟੀਮ ਦੀ ਸ਼ਲਾਘਾ ਕਰਦਿਆਂ ਪ੍ਰਿੰ. ਡਾ. ਮਹਿਲ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਦੇ ਫ਼ਲਸਫ਼ੇ ਨੂੰ ਘਰ-ਘਰ ਪਹੁੰਚਾਉਣ ਵਿਚ ਨਾਟਕ ਵੱਡੀ ਭੂਮਿਕਾ ਨਿਭਾ ਰਿਹਾ ਹੈ।

ਹੁਣ ਤੱਕ 'ਵਿਸਮਾਦ' ਦਾ ਮੰਚਣ ਕਲਾ ਗੈਲਰੀ ਅੰਮ੍ਰਿਤਸਰ, ਪੰਜਾਬ ਕਲਾ ਭਵਨ ਚੰਡੀਗੜ੍ਹ, ਨਾਟਸ਼ਾਲਾ ਅੰਮ੍ਰਿਤਸਰ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਸਮੇਤ ਪੰਜਾਬ ਦੇ ਵੱਖ-ਵੱਖ ਮੰਚਾਂ 'ਤੇ ਹੋ ਚੁੱਕਾ ਹੈ ਅਤੇ ਵਿਦੇਸ਼ਾਂ ਤੋਂ ਵੀ ਇਸ ਦੇ ਮੰਚਣ ਦੀ ਮੰਗ ਆ ਰਹੀ ਹੈ।

## ਕੌਮਾਂਤਰੀ ਖੇਡਾਂ ਵਿਚ ਸੋਨ ਤਗਮਿਆਂ ਨਾਲ ਚਮਕਿਆ ਖ਼ਾਲਸਾ ਕਾਲਜ

- ਦੱਖਣ-ਏਸ਼ੀਆਈ ਖੇਡਾਂ 'ਚ ਸੋਨੇ ਦੇ ਪੰਜ ਅਤੇ ਚਾਂਦੀ ਦੇ ਤਿੰਨ ਤਗਮੇ
- ਫੈਂਸਿੰਗ ਅਤੇ ਤਾਇਕਵਾਂਡੋ ਵਿਚ ਭਾਰਤੀ ਟੀਮ ਨੂੰ ਦਿਵਾਈ ਜਿੱਤ




ਆਪਣੇ ਤਗਮਿਆਂ ਦੇ ਨਾਲ ਜੇਤੂ ਖਿਡਾਰੀ

**ਖ਼ਾਲਸਾ ਕਾਲਜ (ਰਾਜਬਿੰਦਰ ਸਿੰਘ):** ਵਿਦਿਆਰਥੀਆਂ ਨੇ ਇਕ ਵਾਰ ਫਿਰ ਕੌਮਾਂਤਰੀ ਖੇਡਾਂ ਦੇ ਮੈਦਾਨ ਵਿਚ ਮੱਲਾਂ ਮਾਰ ਕੇ ਆਪਣੇ ਕਾਲਜ ਦੀ ਵਿਰਾਸਤ ਨੂੰ ਅੱਗੇ ਤੋਰਿਆ ਹੈ। ਬੀਤੇ ਦਿਨੀ ਨੇਪਾਲ ਦੀ ਰਾਜਧਾਨੀ ਕਾਠਮਾਂਡੂ ਵਿਖੇ ਹੋਈਆਂ ਦੱਖਣੀ ਏਸ਼ੀਆਈ ਖੇਡਾਂ ਦੌਰਾਨ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਭਾਰਤ ਦੀ ਟੀਮ ਵਿਚ ਹਿੱਸਾ ਲੈ ਕੇ 5 ਸੋਨੇ ਅਤੇ 3 ਚਾਂਦੀ ਦੇ ਤਮਗੇ ਜਿਤਾਏ। ਫੈਂਸਿਗ ਮੁਕਾਬਲਿਆਂ ਵਿੱਚ ਕਾਲਜ ਦੀ ਵਿਦਿਆਰਥਣ ਕਬਿਤਾ ਦੇਵੀ ਨੇ 2 ਸੋਨ ਤਮਗੇ, ਰਾਧਿਕਾ ਅਵਾਤੀ ਨੇ ਇਕ ਸੋਨ ਤਮਗਾ ਤੇ ਇਕ ਚਾਂਦੀ ਦਾ ਤਮਗਾ ਅਤੇ ਜਗਮੀਤ ਕੌਰ ਨੇ ਇਕ ਸੋਨ ਤਮਗਾ ਜਿਤਾਇਆ। ਤਾਈਕਵਾਂਡੋ ਖੇਡਾਂ ਵਿੱਚ ਕਸ਼ਿਸ਼ ਮਲਿਕ ਨੇ ਇਕ ਸੋਨ ਤਮਗਾ, ਕੁਨਾਲ ਕੁਮਾਰ ਅਤੇ ਸ਼ਿਲਪਾ ਥਾਪਾ ਨੇ ਇਕ-ਇਕ ਚਾਂਦੀ ਤਮਗਾ ਜਿੱਤਾ ਕੇ ਵੱਡੀ ਮੱਲ ਮਾਰੀ ਹੈ। ਇਸ ਮਾਣਮੱਤੀ ਪ੍ਰਾਪਤੀ ਉੱਤੇ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਖੇਡ ਵਿਭਾਗ ਦੇ ਸਟਾਫ਼ ਅਤੇ ਵਿਦਿਆਰਥੀਆਂ ਦੀ ਅਣਥੱਕ ਮਿਹਨਤ ਤੇ ਅਭਿਆਸ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਦਾ ਸਿਹਰਾ ਸਮੁੱਚੀ ਟੀਮ ਦੇ ਸਿਰ ਬੱਝਦਾ ਹੈ।

ਖੇਡ ਵਿਭਾਗ ਦੇ ਮੁਖੀ ਡਾ. ਦਲਜੀਤ ਸਿੰਘ ਨੇ ਦੱਸਿਆ ਕਿ ਫੈਂਸਿੰਗ ਦੇ ਟੀਮ ਮੁਕਾਬਲਿਆਂ ਵਿਚ ਕਬਿਤਾ

**ਬਾਕੀ ਸਫ਼ਾ 2 'ਤੇ...**

## ਵਿਦਿਆਰਥੀ ਨੂੰ 1.8 ਲੱਖ ਤੋਂ 3 ਲੱਖ ਤੱਕ ਦਾ ਪੈਕੇਜ



ਸਾਹਿਲ ਸੈਮ, ਬੀਸੀਏ



ਚਰਨਦੀਪ ਸਿੰਘ, ਬੀਸੀਏ



ਅਕਾਸ਼, ਬੀਸੀਏ



ਕੰਪਨੀਆਂ ਵੱਲੋਂ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਡਾ. ਮਾਹਲ ਸਿੰਘ, ਡਾਇਰੈਕਟਰ ਡਾ. ਹਰਭਜਨ ਸਿੰਘ ਰੰਧਾਵਾ ਅਤੇ ਸਟਾਫ਼

**ਖ਼ਾਲਸਾ ਕਾਲਜ** (ਰਾਜਬਿੰਦਰ ਸਿੰਘ): ਖ਼ਾਲਸਾ ਕਾਲਜ ਦੇ ਪਲੇਸਮੈਂਟ ਸੈੱਲ ਵਿਖੇ ਨਾਮੀ ਕੰਪਨੀ 'ਮੋਮਸ ਬਿਲੀਫ਼' ਵੱਲੋਂ ਰੋਜ਼ਗਾਰ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਮੁਹਿੰਮ ਦੌਰਾਨ ਫ਼ਿਜ਼ਿਉਥੈਰਪੀ ਵਿਭਾਗ ਦੀਆਂ ਬੀਪੀਟੀ ਦੇ ਪੰਜ ਵਿਦਿਆਰਥੀਆਂ ਵਾਨੀਆਂ ਸੇਠ, ਰਵਿੰਦਰਜੀਤ ਕੌਰ, ਵਰਿੰਦਰ ਕੌਰ ਅਤੇ ਸਿਮਰਨ ਕੌਰ ਦੀ ਚੌਣ ਕੀਤੀ ਗਈ। ਇਨ੍ਹਾਂ ਵਿਦਿਆਰਥੀਆਂ ਨੂੰ ਕੰਪਨੀ ਵਲੌਂ 1.8 ਲੱਖ ਰੁਪਏ ਸਲਾਨਾ ਦਾ ਪੈਕਜ ਦਿੱਤਾ ਗਿਆ ਹੈ। ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਇਸ ਵਾਸਤੇ ਪਲੇਸਮੈਂਟ ਸੈੱਲ ਦੀ ਅਣਥੱਕ ਮਿਹਨਤ ਦੀ ਸ਼ਲਾਘਾ ਕਰਦਿਆਂ ਕਿਹਾ ਇਹ ਵਿਭਾਗ ਦਿਨ-ਰਾਤ ਵਿਦਿਆਰਥੀਆਂ ਦੀ ਤਰੱਕੀ ਵਾਸਤੇ ਰੁੱਝਿਆ ਰਹਿੰਦਾ ਹੈ। ਸੈੱਲ ਦੇ ਡਾਇਰੈਕਟਰ ਹਰਭਜਨ ਸਿੰਘ ਰੰਧਾਵਾ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਇਆ ਕਿਹਾ ਆਉਣ ਵਾਲੇ ਸਮੇਂ ਵਿਚ ਹੋਰ ਵੱਡੀਆਂ ਕੰਪਨੀਆਂ ਨੂੰ ਕਾਲਜ ਕੈਂਪਸ ਆਉਣ ਦਾ ਸੱਦਾ ਦਿੱਤਾ ਜਾਵੇਗਾ। ਇਸ ਮੌਕੇ ਪ੍ਰੋ. ਅਨੁਰੀਤ ਕੌਰ, ਪ੍ਰੋ. ਰਵੀ ਪਟਨੀ, ਪ੍ਰੋ. ਗੁਨੀਤ ਕੌਰ ਅਤੇ ਪ੍ਰੋ. ਕਮਲਜੀਤ ਕੌਰ ਹਾਜ਼ਰ ਸਨ।

ਇਕ ਹੋਰ ਪਲੇਸਮੈਂਟ ਦੌਰਾਨ ਕੌਮਾਂਤਰੀ ਕੰਪਨੀ ਕੇਪਜੈਮਿਨੀ ਵੱਲੋਂ ਬੀਸੀਏ ਦੇ ਵਿਦਿਆਰਥੀ ਸਾਹਿਲ ਸੈਮ ਤੇ ਬੀਐਸਸੀ, ਕੰਪਿਊਟਰ ਸਾਇੰਸ ਦੇ ਚਰਨਦੀਪ ਸਿੰਘ ਨੂੰ ਢਾਈ ਲੱਖ ਦਾ ਪੈਕੇਜ ਦਿੱਤਾ ਗਿਆ ਹੈ, ਜਦ ਕਿ ਵਿਪਰੋ ਕੰਪਨੀ ਵੱਲੋਂ ਬੀਸੀਏ ਦੇ ਅਕਾਸ਼ ਅਤੇ ਸਾਹਿਲ ਨੂੰ 3.08ਲੱਖ ਦਾ ਪੈਕੇਜ ਦਿੱਤਾ ਗਿਆ ਹੈ

## ਸੰਪਾਦਕੀ: ਜ਼ਿੰਦਗੀ ਦੇ ਇਮਤਿਹਾਨਾਂ ਦੀ ਤਿਆਰੀ!

ਵਿਦਿਆਰਥੀ ਜੀਵਨ ਇਮਤਿਹਾਨਾਂ ਦਾ ਜੀਵਨ ਹੁੰਦਾ ਹੈ। ਕਦੇ ਜਮਾਤ ਵਿਚ ਟੈਸਟ, ਕਦੇ ਹਾਊਸ ਟੈਸਟ ਅਤੇ ਕਦੇ ਸਮੈਸਟਰ ਦੇ ਇਮਤਿਹਾਨ ਵਿਦਿਆਰਥੀਆਂ ਲਈ ਚੁਣੌਤੀ ਬਣੇ ਰਹਿੰਦੇ ਹਨ। ਇਸ ਚੁਣੌਤੀ ਨੂੰ ਉਹੀ ਸਰ ਕਰ ਸਕਦੇ ਹਨ ਜੋ ਪੂਰੀ ਤਿਆਰੀ ਅਤੇ ਅਭਿਆਸ ਕਰ ਲੈਂਦੇ ਹਨ। ਇਮਤਿਹਾਨ ਸਿਰਫ਼ ਪੜ੍ਹਾਈ ਦੇ ਹੀ ਨਹੀਂ ਹੁੰਦੇ। ਅਸਲੀ ਇਮਤਿਹਾਨ ਜ਼ਿੰਦਗੀ ਦਾ ਇਮਤਿਹਾਨ ਹੁੰਦਾ ਹੈ ਅਤੇ ਪੜ੍ਹਾਈ ਦੇ ਇਮਤਿਹਾਨ ਜ਼ਿੰਦਗੀ ਦੇ ਇਮਤਿਹਾਨ ਦੀ ਤਿਆਰੀ ਲਈ ਹੀ ਹੁੰਦੇ ਹਨ। ਇਸ ਲਈ ਵਿਦਿਆਰਥੀਆਂ ਨੂੰ ਪੜ੍ਹਾਈ ਸਿਰਫ਼ ਇਮਤਿਹਾਨ ਪਾਸ ਕਰਨ ਲਈ ਹੀ ਨਹੀਂ ਕਰਨੀ ਚਾਹੀਦੀ। ਕਈ ਵਾਰ ਨੀਰਸ ਲੱਗਦੇ ਵਿਸ਼ੇ ਅਤੇ ਪ੍ਰੈਕਟੀਕਲ ਅਸਲ ਵਿਚ ਜ਼ਿੰਦਗੀ ਦੀਆਂ ਵੱਡੀਆਂ ਮੁਸ਼ਕਿਲਾਂ ਨਾਲ ਲੜ੍ਹਨ ਦਾ ਤਰੀਕਾ ਸਿਖਾਉਂਦੇ ਹਨ।

ਇਹ ਗੱਲ ਸਹੀ ਹੈ ਕਿ ਮਾਪੇ, ਸਮਾਜ ਅਤੇ ਅਸੀਂ ਆਪਣੇ ਆਪ ਤੋਂ ਢੇਰ ਸਾਰੀਆਂ ਉਮੀਦਾਂ ਰੱਖਦੇ ਹਾਂ। ਕਈ ਵਾਰ ਸਥਿਤੀਆਂ ਦਾ ਸਾਥ ਨਾ ਮਿਲਣ ਕਰਕੇ ਅਸੀਂ ਦੂਜਿਆਂ ਅਤੇ ਆਪਣੀਆਂ ਉਮੀਦਾਂ 'ਤੇ ਖਰੇ ਉਤਰਨ ਤੋਂ ਖੁੰਝ ਜਾਂਦੇ ਹਾਂ। ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਸਫਲਤਾ ਹਾਸਲ ਕਰਨ ਦਾ ਉਹ ਆਖ਼ਰੀ ਮੌਕਾ ਸੀ। ਇਕ ਖੁੰਝਿਆ ਹੋਇਆ ਮੌਕਾ ਜ਼ਿੰਦਗੀ ਦੇ ਅਸਲ ਇਮਤਿਹਾਨ ਦਾ ਮੌਕਾ ਹੁੰਦਾ ਹੈ। ਉਸ ਨੇ ਪਰਖਣਾ ਹੁੰਦਾ ਹੈ ਕਿ ਤੁਸੀਂ ਇਸ ਔਖੀ ਘੜੀ ਵਿਚੋਂ ਅਗਾਂਹ ਨਿਕਲਣ ਦੀ ਕਿੰਨੀ ਸਮਰੱਥਾ ਰੱਖਦੇ ਹੋ। ਇਹ ਆਪਣੇ ਅੰਦਰ ਦੀ ਸਮਰੱਥਾ ਪਛਾਨਣ ਦਾ ਵੇਲਾ ਹੁੰਦਾ ਹੈ। ਸਿਆਣਿਆ ਨੇ ਕਿਹਾ ਹੈ ਜਿੱਥੇ ਚਾਹ ਹੁੰਦੀ ਹੈ ਉੱਥੇ ਰਾਹ ਬਣ ਜਾਂਦੇ ਹਨ। ਤੁਸੀਂ ਗੌਰ ਕੀਤਾ ਹੋਵੇਗਾ ਕਿ ਆਮ ਹਾਲਾਤ ਵਿਚ ਅਸੀਂ ਜੋ ਕਰ ਸਕਣ ਬਾਰੇ ਕਦੇ ਸੋਚਿਆ ਨਹੀਂ ਹੁੰਦਾ, ਔਖੀ ਘੜੀ ਵੇਲੇ ਅਕਸਰ ਅਸੀਂ ਉਹ ਕਰ ਜਾਂਦੇ ਹਾਂ। ਬਾਅਦ ਵਿਚ ਆਪਣੇ ਆਪ 'ਤੇ ਹੈਰਾਨ ਹੁੰਦੇ ਹਾਂ ਕਿ ਮੈਂ ਇਹ ਵੀ ਕਰ ਸਕਦਾ ਸੀ। ਭਾਵ ਇਹ ਹੈ ਕਿ ਮੁਸੀਬਤ ਤੁਹਾਡੇ ਅੰਦਰ ਲੁਕੀ ਪਈ ਤਾਕਤ ਨੂੰ ਪ੍ਰਗਟ ਕਰਨ ਦਾ ਮੌਕਾ ਦਿੰਦੀ ਹੈ।

ਇਹ ਗੱਲ ਅਕਸਰ ਪੜ੍ਹਾਈ ਦੇ ਇਮਤਿਹਾਨਾਂ ਵਿਚ ਵੀ ਦੇਖਣ ਨੂੰ ਮਿਲਦੀ ਹੈ। ਕੋਈ ਵਿਸ਼ਾ ਅਸੀਂ ਅਰਸਾ ਪਹਿਲਾਂ ਪੜ੍ਹਿਆ ਹੁੰਦਾ ਹੈ, ਪਰ ਕਾਫ਼ੀ ਸਮੇਂ ਤੋਂ ਅਸੀਂ ਉਸ ਨੂੰ ਵਿਚਾਰਿਆ ਨਹੀਂ ਹੁੰਦਾ। ਫਿਰ ਇਮਤਿਹਾਨਾਂ ਵਿਚ ਜਦੋਂ ਉਸ ਵਿਸ਼ੇ ਨਾਲ ਸੰਬੰਧਤ ਸਵਾਲ ਆ ਜਾਂਦਾ ਹੈ ਤਾਂ ਅਚਾਨਕ ਸਾਡੇ ਦਿਮਾਗ਼ ਦੀ ਘੰਟੀ ਵੱਜ ਜਾਂਦੀ ਹੈ। ਉਸ ਸਵਾਲ ਦਾ ਜਵਾਬ ਕਿਸੇ ਵਹਿੰਦੀ ਨਦੀ ਵਾਂਗ ਪੰਨਿਆਂ 'ਤੇ ਉਤਰਨ ਲੱਗਦਾ ਹੈ। ਇਕ ਗੱਲ ਪੱਕੀ ਹੈ ਕਿ ਭਾਵੇਂ ਇਮਤਿਹਾਨ ਪੜ੍ਹਾਈ ਦੇ ਹੋਣ ਜਾਂ ਜ਼ਿੰਦਗੀ ਦੇ ਇਸ ਵਿਚ ਨਾ ਸ਼ਾਰਟ-ਕੱਟ ਚੱਲਦੇ ਹਨ, ਨਾ ਹੀ ਰੱਟਾ ਅਤੇ ਨਾ ਹੀ ਪਰਚੀਆਂ। ਜੇ ਕਦੇ ਕੋਸ਼ਿਸ ਕੀਤੀ ਵੀ ਜਾਵੇ ਤਾਂ ਅਕਸਰ ਮਾੜੇ ਨਤੀਜੇ ਭੁਗਤਣੇ ਪੈਂਦੇ ਹਨ। ਇਸ ਲਈ ਹਰ ਇਮਤਿਹਾਨ ਦੀ ਤਿਆਰੀ ਅਧਿਐਨ, ਦੋਹਰਾਈ ਅਤੇ ਅਭਿਆਸ ਨਾਲ ਹੀ ਕਰਨੀ ਚਾਹੀਦੀ ਹੈ। ਜੇ ਅਨੁਸ਼ਾਸਨ ਨਾਲ ਇਸ ਦੀ ਆਦਤ ਪਾ ਲਵੇ ਤਾਂ ਵਿਦਿਆਰਥੀ ਨਾ ਪੜ੍ਹਾਈ ਦੇ ਅਤੇ ਨਾ ਹੀ ਜ਼ਿੰਦਗੀ ਦੇ ਇਮਤਿਹਾਨਾਂ ਤੋਂ ਮਾਰ ਖਾਂਦਾ ਹੈ।

ਸੋ, ਵਿਦਿਆਰਥੀਓ, ਹੁਣੇ ਤੋਂ ਵੀ ਜ਼ਿੰਦਗੀ ਦੇ ਇਮਤਿਹਾਨਾਂ ਦੀ ਤਿਆਰੀ ਸ਼ੁਰੂ ਕਰ ਲਉ।

**-ਪ੍ਰੋ. ਦੀਪ ਜਗਦੀਪ ਸਿੰਘ**

## ਸਫ਼ਾ 1 ਤੋਂ...

**ਪੁਸਤਕ ਗੁਰੂ ਨਾਨਕ ਦਰਸ਼ਨ...**
ਡਾ. ਜੀ. ਐਸ. ਵਾਲੀਆ, ਵਾਈਸ ਚਾਂਸਲਰ ਦਾ ਸਹਿਯੋਗ ਵੀ ਸ਼ਲਾਘਾਯੋਗ ਰਿਹਾ ਹੈ। ਚਿੱਤਰਕਾਰ ਸ੍ਰ. ਹਰਪ੍ਰੀਤ ਸਿੰਘ ਨਾਜ਼, ਸ੍ਰ. ਗੁਰਵਿੰਦਰ ਸਿੰਘ, ਸ੍ਰ. ਕੁਲਵੰਤ ਸਿੰਘ ਗਿੱਲ ਅਤੇ ਸ: ਦਵਿੰਦਰ ਸਿੰਘ ਨੇ ਗੁਰੂ ਇਤਿਹਾਸ ਨੂੰ ਆਪਣੀ ਆਪਣੀ ਕਲਪਨਾ ਰਾਹੀਂ ਪੇਸ਼ ਕੀਤਾ ਹੈ। ਪ੍ਰਿੰ: ਡਾ. ਮਹਿਲ ਸਿੰਘ ਨੇ ਸਮਾਗਮ 'ਚ ਪੁੱਜੀਆਂ ਸਮੂਹ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਪਰੋਕਤ ਸਭਨਾਂ ਦਾ ਸਤਿਕਾਰ ਲਫ਼ਜ਼ੀ ਬਿਆਨ ਨਾਲੋਂ ਸਾਡੇ ਹਿਰਦਿਆਂ ਚ ਕਿਤੇ ਵੱਧ ਹੈ। ਉਨਾਂ ਕਿਹਾ ਕਿ ਜੇ ਸਾਡੇ ਸੂਝਵਾਨ ਪਾਠਕਾਂ ਦੇ ਇਸ ਸਬੰਧੀ ਕੁਝ ਹੋਰ ਚੰਗੇ ਸੁਝਾਅ ਹੋਣ ਤਾਂ ਸਾਨੂੰ ਅਜੇਹੇ ਸੁਝਾਵਾਂ ਦੀ ਸਦਾ ਉਡੀਕ ਰਹੇਗੀ। ਪੁਸਤਕ ਦੇ ਅਗਲੇ ਛਪਣ ਵਾਲੇ ਹੋਰ ਐਡੀਸ਼ਨਾਂ ਚ ਹੋਰ ਵਾਧੇ ਕੀਤੇ ਜਾ ਸਕਦੇ ਹਨ। ਉਨਾਂ ਆਸ ਕਰਦਿਆਂ ਕਿਹਾ ਕਿ ਇਹ ਪੁਸਤਕ ਗੁਰੂ ਸਾਹਿਬ ਪ੍ਰਤੀ ਸਤਿਕਾਰ ਤੇ ਸੇਵਾ ਭਾਵਨਾ ਨੂੰ ਅੱਗੇ ਵਧਾਉਣ ਲਈ ਜਰੂਰ ਹੀ ਪ੍ਰੇਰਨਾ ਦਾ ਕਾਰਜ ਕਰੇਗੀ।

ਇਸ ਮੌਕੇ ਕੌਂਸਲ ਦੇ ਵਧੀਕ ਆਨਰੇਰੀ ਸਕੱਤਰ ਸ: ਜਤਿੰਦਰ ਬਰਾੜ, ਫਾਇਨਾਂਸ ਸਕੱਤਰ ਸ: ਗੁਨਬੀਰ ਸਿੰਘ, ਸ: ਸਰਦੂਲ ਸਿੰਘ ਮੰਨਨ, ਹਰਮਿੰਦਰ ਸਿੰਘ, ਸ: ਕਰਤਾਰ ਸਿੰਘ ਗਿੱਲ, ਮੈਂਬਰ ਸ: ਸੁਖਦੇਵ ਸਿੰਘ ਅਬਦਾਲ, ਗੁਰਪ੍ਰੀਤ ਸਿੰਘ ਗਿੱਲ, ਗੁਰਮਹਿੰਦਰ ਸਿੰਘ, ਪਰਮਜੀਤ ਸਿੰਘ ਬੱਲ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ, ਖ਼ਾਲਸਾ ਕਾਲਜ ਫ਼ਾਰ ਵੂਮੈਨ ਪ੍ਰਿੰਸੀਪਲ ਡਾ. ਮਨਪ੍ਰੀਤ ਕੌਰ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਢਿੱਲੋਂ, ਖ਼ਾਲਸਾ ਕਾਲਜ ਆਫ਼ ਲਾਅ ਪ੍ਰਿੰਸੀਪਲ ਡਾ. ਜਸਪਾਲ ਸਿੰਘ, ਖਾਲਸਾ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਪ੍ਰਿੰ: ਡਾ. ਮੰਜੂ ਬਾਲਾ, ਖਾਲਸਾ ਕਾਲਜ ਚਵਿੰਡਾ ਦੇਵੀ ਪ੍ਰਿੰ: ਡਾ. ਹਰਭਜਨ ਸਿੰਘ, ਖ਼ਾਲਸਾ ਕਾਲਜ ਆਫ਼ ਨਰਸਿੰਗ ਪ੍ਰਿੰ: ਡਾ. ਕਵਲਜੀਤ ਕੌਰ, ਖ਼ਾਲਸਾ ਕਾਲਜ ਆਫ਼ ਫ਼ਿਜ਼ੀਕਲ ਐਜੂਕੇਸ਼ਨ, ਹੇਰ ਪ੍ਰਿੰਸੀਪਲ ਕੰਵਲਜੀਤ ਸਿੰਘ, ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ, ਖ਼ਾਲਸਾ ਕਾਲਜ ਪਬਲਿਕ ਸਕੂਲ ਪ੍ਰਿੰ: ਅਮਰਜੀਤ ਸਿੰਘ ਗਿੱਲ, ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਪ੍ਰਿੰਸੀਪਲ ਗੁਰਜੀਤ ਸਿੰਘ ਸੇਠੀ, ਖ਼ਾਲਸਾ ਕਾਲਜ ਪਬਲਿਕ ਸਕੂਲ ਹੇਰ ਪ੍ਰਿੰ: ਗੁਰਿੰਦਰਜੀਤ ਕੌਰ ਕੰਬੋਜ, ਅੰਡਰ ਸੈਕਟਰੀ-ਕਮ-ਡਿਪਟੀ ਡਾਇਰੈਕਟਰ ਡੀ. ਐੱਸ. ਰਟੌਲ, ਕਾਲਜ ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ।

**ਖਿਡਾਰੀਆਂ ਨੇ ਤਗਮੇ ਜਿੱਤੇ...** ਦੇਵੀ ਨੇ ਭਾਰਤੀ ਟੀਮ ਦੇ ਤਿੰਨ ਹੋਰ ਸਾਥੀ ਖਿਡਾਰੀਆਂ ਸਮੇਤ ਨੇਪਾਲ ਨੂੰ ਟੱਕਰ ਦੇ 35 ਦੇ ਮੁਕਾਬਲੇ 45 ਅੰਕ ਦਿਵਾ ਕੇ ਸੋਨ ਤਮਗੇ 'ਤੇ ਕਬਜ਼ਾ ਕੀਤਾ। ਇਕ ਹੋਰ ਮੁਕਾਬਲੇ 'ਚ ਇਕੱਲੀ ਖੇਡਦਿਆਂ ਉਸ ਨੇ ਨੇਪਾਲ ਦੀ ਖਿਡਾਰਨ ਨੂੰ ਹਰਾ ਕੇ ਇਕ ਹੋਰ ਸੋਨ ਤਗਮਾ ਜਿੱਤਿਆ। ਫੈਂਸਿੰਗ ਦੇ ਇਕ ਹੋਰ ਮੁਕਾਬਲੇ 'ਚ ਕਾਲਜ ਦੀ ਵਿਦਿਆਰਥਣ ਰਾਧਿਕਾ ਅਵਾਤੀ ਨੇ ਭਾਰਤੀ ਟੀਮ ਲਈ ਖੇਡਦਿਆਂ ਨੇਪਾਲ ਦੀ ਟੀਮ ਨੂੰ ਹਰਾ ਕੇ ਸੋਨ ਤਮਗਾ ਦੇਸ਼ ਦੀ ਝੋਲੀ ਵਿਚ ਪਵਾਉਣ ਵਿਚ ਭੂਮਿਕਾ ਨਿਭਾਈ। ਇਕ ਹੋਰ ਫੈਂਸਿੰਗ ਮੁਕਾਬਲੇ ਵਿਚ ਉਸ ਨੇ ਇਕ ਚਾਂਦੀ ਤਮਗਾ ਜਿੱਤਿਆ। ਇਸੇ ਤਰ੍ਹਾਂ ਜਗਮੀਤ ਕੌਰ ਨੇ ਵੀ ਫੈਂਸਿੰਗ ਦੇ ਮੁਕਾਬਲੇ ਵਿਚ ਦੀ ਟੀਮ ਵਿੱਚ 45-23 ਦੇ ਨਾਲ ਨੇਪਾਲ ਦੇ ਖ਼ਿਲਾਫ਼ ਇਕ ਸੋਨ ਤਗਮਾ ਜਿੱਤਿਆ। ਇਨ੍ਹਾਂ ਕੌਮਾਂਤਰੀ ਖੇਡਾਂ ਦੇ ਤਾਈਕਵਾਂਡੋ ਦੇ ਮੁਕਾਬਲਿਆਂ ਵਿਚ ਕਾਲਜ ਦੀ ਵਿਦਿਆਰਥਣ ਕਸ਼ਿਸ਼ ਮਲਿਕ ਨੇ 57 ਕਿਲੋ ਭਾਰ ਮੁਕਾਬਲੇ ਵਿਚ 8 ਅੰਕ ਹਾਸਲ ਕਰਕੇ ਨੇਪਾਲ ਦੀ ਖਿਡਾਰਣ ਨੂੰ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ। ਤਇਕਵਾਂਡੋ ਦੇ ਜੋੜੀ ਮੁਕਾਬਲਿਆਂ 'ਚ ਕੁਨਾਲ ਕੁਮਾਰ ਤੇ ਸ਼ਿਲਪਾ ਥਾਪਾ ਨੇ ਰਲ ਕੇ ਦੂਜਾ ਸਥਾਨ ਪ੍ਰਾਪਤ ਕਰਕੇ ਚਾਂਦੀ ਦਾ ਤਮਗਾ ਜਿੱਤਿਆ।

# ਇਨਸਾਨ ਦੀ ਸਫਲਤਾ ਦੀ ਪਹਿਲੀ ਪੌੜੀ ਹਿੰਮਤ

**ਮਨਪ੍ਰੀਤ ਸਿੰਘ**

ਸਿਆਣਿਆ ਦਾ ਕਹਿਣਾ ਹੈ ਕਿ ਹਿੰਮਤ ਸਫਲਤਾ ਦੀ ਕੁੰਜੀ ਹੈ। ਹਿੰਮਤ ਕਰਕੇ ਹੌਸਲਾ ਵੱਧਦਾ ਹੈ ਫਿਰ ਇਨਸਾਨ ਮਿਹਨਤ ਕਰਨ ਦੀ ਸੋਚਦਾ ਹੈ। ਮਿਹਨਤ ਤੋਂ ਪਹਿਲਾਂ ਜੇਕਰ ਇਨਸਾਨ ਹਿੰਮਤ ਹੀ ਨਾ ਕਰੇ ਤਾਂ ਉਸਦੀ ਸੋਚ ਆਪਣੇ ਤੱਕ ਹੀ ਸੀਮਿਤ ਰਹਿ ਜਾਂਦੀ ਹੈ। ਹਿੰਮਤ ਇਨਸਾਨ ਦੀ ਸਫਲਤਾ ਦੀ ਪਹਿਲੀ ਪੌੜੀ ਹੈ ਜੋ ਪਹਿਲੀ ਪੌੜੀ 'ਤੇ ਪੈਰ ਧਰ ਕੇ ਲਗਾਤਾਰ ਮਿਹਨਤ ਕਰਦਾ ਰਹਿੰਦਾ ਹੈ, ਉਹ ਸਫਲਤਾ ਦਾ ਮੁਕਾਮ ਜ਼ਰੂਰ ਹਾਸਲ ਕਰਦਾ ਹੈ। ਮਹਾਨ ਵਿਅਕਤੀ ਹਿੰਮਤ ਨਾਲ ਮਿਹਨਤ ਕਰਕੇ ਸਦਾ ਲਈ ਅਮਰ ਹੋ ਜਾਂਦੇ ਹਨ। ਮਹਾਨ ਵਿਅਕਤੀ ਜੋ ਕੁਝ ਪ੍ਰਾਪਤ ਕਰਦੇ ਹਨ ਉਹ ਨਾ ਕਿਸਮਤ ਨੇ ਦਿੱਤਾ ਹੈ ਨਾ ਸਿਰਫ਼ ਅਰਦਾਸਾਂ ਨਾਲ ਪ੍ਰਾਪਤ ਹੋਇਆਂ ਹੈ ਉਹ ਕੁਰਬਾਨੀ, ਹਿੰਮਤ ਅਤੇ ਸੰਘਰਸ਼ ਨਾਲ ਪ੍ਰਾਪਤ ਕੀਤਾ ਹੈ।ਅਕਸਰ ਮੇਰੇ ਵਰਗੇ ਜ਼ਿਆਦਾਤਰ ਨੌਜਵਾਨ ਆਪਣਾ ਟੀਚਾ ਹਾਸਲ ਕਰਨ ਵਿਚ ਜਦੋਂ ਕਾਮਯਾਬ ਨਹੀਂ ਹੁੰਦੇ ਤਾਂ ਕਿਸਮਤ ਨੂੰ ਦੋਸ਼ ਦਿੰਦੇ ਹਨ। ਅੱਜ ਵੀ ਆਪਣੇ ਸਕੂਲ ਦੇ ਦਿਨ ਯਾਦ ਕਰਦਾ ਹਾਂ ਤਾਂ ਆਪਣੇ ਆਪ ਨੂੰ ਇਸੇ ਗੁੰਝਲ ਵਿਚ ਉਲਝਿਆ ਦੇਖਦਾ ਹਾਂ। ਬਾਕੀ ਵਿਸ਼ਿਆਂ ਦੀ ਪੜ੍ਹਾਈ ਤਾਂ ਠੀਕ-ਠਾਕ ਹੋ ਜਾਂਦੀ ਸੀ, ਪਰ ਅੰਗਰੇਜ਼ੀ ਵਿੱਚ ਹੱਥ ਬਹੁਤ ਤੰਗ ਸੀ। ਸਕੂਲ ਤੋਂ ਬਾਅਦ ਕਾਲਜ ਦਾਖ਼ਲਾ ਲਿਆ ਤਾਂ ਪਤਾ ਲੱਗਾ ਕਿ ਜੇਕਰ ਅੰਗਰੇਜ਼ੀ ਨਹੀ ਆਉਂਦੀ ਤਾਂ ਸਫਲਤਾ ਆਸਾਨ ਨਹੀਂ।ਸ਼ੁਰੂ ਵਿੱਚ ਤਾਂ ਅੰਗਰੇਜ਼ੀ ਨੇ ਕੰਨਾਂ ਰਾਹੀਂ ਧੂੰਆ ਕੱਢ ਦਿੱਤਾ। ਕਈ ਵਾਰ ਮਨ ਡੋਲਦਾ ਕਿ ਆਪਣਾ ਕੁਝ ਨਹੀਂ ਬਣਨਾ।

ਪਹਿਲਾਂ ਕਿਸਮਤ ਨੂੰ ਦੋਸ਼ ਦਿੰਦਿਆਂ ਦੋ ਸਾਲ ਖ਼ਰਾਬ ਕੀਤੇ। ਪਤਾ ਨਹੀਂ ਕਿਵੇਂ ਉਨ੍ਹਾਂ ਸ਼ਖ਼ਸੀਅਤਾਂ ਦਾ ਖ਼ਿਆਲ ਆਉਣ ਲੱਗਿਆ, ਜਿੰਨ੍ਹਾਂ ਔਕੜਾਂ ਭਰੇ ਹਾਲਾਤ ਵਿਚ ਵੱਡੀਆਂ ਮੰਜ਼ਲਾਂ ਸਰ ਕੀਤੀਆਂ। ਥੋਮਸ ਅਲਵਾ ਐਡਿਸਨ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਨੇਲਸਨ ਮੰਡੇਲਾ ਅਣਗਿਣਤ ਹਸਤੀਆਂ ਦਾ ਜੀਵਨ ਨਜ਼ਰਾਂ ਅੱਗੇ ਘੁੰਮਣ ਲੱਗਾ।




ਸੋਚਿਆ ਜੇ ਇਹ ਮਹਾਨ ਲੋਕ ਹਿੰਮਤ ਹਾਰ ਜਾਂਦੇ ਤਾਂ ਦੁਨੀਆ ਸ਼ਾਇਦ ਅੱਜ ਉਹੋ ਜਿਹੀ ਨਾ ਹੁੰਦੀ ਜਿਹੋ ਜਿਹੀ ਇਨ੍ਹਾਂ ਦੇ ਯੋਗਦਾਨ ਕਰਕੇ ਹੈ। ਇਹ ਵੀ ਦਸਤੂਰ ਹੈ ਕਿ ਦੁਨੀਆ ਉਨ੍ਹਾਂ ਨੂੰ ਹੀ ਯਾਦ ਕਰਦੀ ਹੈ ਜਿੰਨ੍ਹਾਂ ਆਪਣੇ ਟੀਚੇ ਸਰ ਕਰਨ ਲਈ ਹਿੰਮਤ ਬਣਾਈ ਰੱਖੀ। ਹੁਣ ਜਦੋਂ ਵੀ ਮੇਰਾ ਹੌਸਲਾ ਡੋਲਦਾ ਹੈ ਤਾਂ ਮੈਂ ਇਨ੍ਹਾਂ ਸਿਦਕੀ ਸ਼ਖ਼ਸੀਅਤਾਂ ਦੀ ਮਿਹਨਤ 'ਤੇ ਇੱਕ ਝਾਤ ਮਾਰ ਲੈਂਦਾ ਹਾਂ। ਹਰ ਵਾਰ ਅੰਦਰੋਂ ਇਕ ਆਵਾਜ਼ ਆਉਂਦੀ ਕਿ ਹਿੰਮਤ ਨਹੀਂ ਛੱਡਣੀ। ਬਸ ਇਸੇ ਆਵਾਜ਼ ਨੇ ਮਨ ਤਕੜਾ ਕੀਤਾ 'ਤੇ ਹੌਲੀ-ਹੌਲੀ ਅੰਗਰੇਜ਼ੀ ਅਖ਼ਬਾਰਾਂ ਨੂੰ ਹੱਥ ਪਾ ਹੀ ਲਿਆ। ਕੋਸ਼ਿਸ ਕੀਤੀ ਤਾਂ ਕੁਝ ਸਮਝ ਆਉਣ ਲੱਗ ਪਿਆ। ਇਹ ਤਾਂ ਨਹੀਂ ਕਹਿ ਸਕਦਾ ਕਿ ਅੰਗਰੇਜ਼ੀ ਵਿਚ ਮਾਹਿਰ ਹੋ ਗਿਆ ਹਾਂ, ਪਰ ਜੋ ਇਸ ਦਾ ਡਰ ਸੀ ਉਹ ਖ਼ਤਮ ਹੋ ਗਿਆ ਹੈ। ਪੜ੍ਹਾਈ ਅਤੇ ਰੋਜ਼ਾਨਾ ਦੀ ਲੋੜ ਜਿੰਨੀ ਅੰਗਰੇਜ਼ੀ ਸਾਥ ਦੇ ਦਿੰਦੀ ਹੈ। ਹੋਰ ਮਹਾਰਤ ਹਾਸਲ ਕਰਨ ਲਈ ਅਭਿਆਸ ਜਾਰੀ ਹੈ।

ਹੁਣ ਗੁਰਬਾਣੀ ਦੇ ਇਸ ਫ਼ੁਰਮਾਨ 'ਮਨਿ ਜੀਤੈ ਜਗੁ ਜੀਤੁ' ਦੀ ਸਮਝ ਲੱਗੀ। ਬਸ ਇਸੇ ਦੀ ਪ੍ਰੇਰਨਾ ਸਦਕਾ ਹਿੰਮਤ ਅਤੇ ਅਭਿਆਸ ਕਰਕੇ ਰੋਜ਼ ਥੋੜ੍ਹਾ-ਥੋੜ੍ਹਾ ਨਿਪੁੰਨ ਹੁੰਦਾ ਜਾ ਰਿਹਾ ਹਾਂ। ਅੱਜ ਇਹ ਸੋਚ ਕੇ ਹੱਸ ਪੈਂਦਾ ਹਾਂ ਕਿ ਜੇ ਹਿੰਮਤ ਹੀ ਨਾ ਕਰਦਾ ਤਾਂ ਸ਼ਾਇਦ ਕਿਸਮਤ ਨੂੰ ਹੀ ਦੋਸ਼ ਦਿੰਦਾ ਰਹਿੰਦਾ। ਹੁਣ ਆਪਣੇ ਆਪ ਨੂੰ ਵਾਅਦਾ ਕੀਤਾ ਹੈ ਡਿਗਰੀ ਪੂਰੀ ਕਰਨ ਦੇ ਨਾਲ-ਨਾਲ ਅੰਗਰੇਜ਼ੀ ਦੀ ਹਰ ਬਾਰੀਕੀ ਤਾਂ ਸਿੱਖ ਹੀ ਲੈਣੀ ਹੈ, ਮਾਂ-ਬੋਲੀ ਪੰਜਾਬੀ ਨਾਲ ਵੀ ਆਪਣਾ ਪਿਆਰ ਹੋਰ ਗੂੜ੍ਹਾ ਕਰਨਾ ਹੈ। ਇਸ ਹੌਸਲੇ ਨਾਲ ਜਦੋਂ ਆਲੇ-ਦੁਆਲੇ ਦੇਖਦਾ ਹਾਂ ਉਦਾਸ ਹੁੰਦਾ ਹਾਂ ਕਿ ਨੌਜਵਾਨ ਕਿਸਮਤ ਨਾਲ ਲੜਨ ਦੀ ਬਜਾਏ ਹਾਰ ਮੰਨੀ ਬੈਠੇ ਹਨ। ਉਨ੍ਹਾਂ ਨੂੰ ਬਸ ਮੈਂ ਇਹੀ ਕਹਿਣਾ ਹੈ-

ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ।
ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ।(ਬਾਬਾ ਨਜ਼ਮੀ)

# ਪੀ.ਜੀ. ਦੀ ਇੱਕ ਡਰਾਉਣੀ ਰਾਤ ਦਾ ਸਬਕ

**ਮੁਸਕਾਨ ਸ਼ਰਮਾ**

ਸਾਡੇ ਜੀਵਨ ਵਿਚ ਕੁਝ ਘਟਨਾਵਾਂ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ ਜੋ ਸਾਨੂੰ ਬਹੁਤ ਜ਼ਿਆਦਾ ਅਸੁਰੱਖਿਆ ਮਹਿਸੂਸ ਕਰਵਾਉਂਦੀਆਂ ਹਨ। ਇਹੋ ਜਿਹੀਆਂ ਗੱਲਾਂ ਸਾਨੂੰ ਨਕਾਰਾਤਮਕ ਸੋਚ ਰੱਖਣ 'ਤੇ ਮਜਬੂਰ ਕਰ ਦਿੰਦੀਆਂ ਹਨ ਜਦ ਕਿ ਉਸ ਚੀਜ਼ ਦਾ ਸਕਾਰਾਤਮਕ ਪੱਖ ਅਸੀਂ ਵੇਖਣ ਦੀ ਕੋਸ਼ਿਸ਼ ਵੀ ਨਹੀਂ ਕਰਦੇ। ਇਸੇ ਤਰ੍ਹਾਂ ਦੀ ਇਕ ਘਟਨਾ ਮੇਰੇ ਜੀਵਨ ਵਿਚ ਵੀ ਹੋਈ।ਇਹ ਗੱਲ ਹੈ ਪਿਛਲੇ ਸਾਲ ਦੀ, ਜਦੋਂ ਮੈਂ ਪੀ.ਜੀ. ਵਿਚ ਰਹਿੰਦੀ ਸੀ। ਹਰ ਰੋਜ਼ ਦੀ ਤਰ੍ਹਾਂ ਦਿਨ ਚੰਗਾ ਨਿਕਲਿਆ, ਪਰ ਉਸ ਰਾਤ ਇੱਕ ਅਜੀਬ ਚੀਜ਼ ਹੋਈ। ਇਕ ਕੁੜੀ ਪੀ.ਜੀ. ਵਿੱਚ ਰਹਿਣ ਆਈ। ਦੋ ਮੁੰਡੇ ਉਸ ਨੂੰ ਛੱਡ ਕੇ ਚਲੇ ਗਏ।

ਹੁਣ ਸਾਰੇ ਸੋਚਣਗੇ ਕਿ ਇਸ ਵਿੱਚ ਅਜੀਬ ਕੀ ਹੈ। ਹੋਇਆ ਇਹ ਕਿ ਪੀ.ਜੀ ਦੀਆਂ ਸਾਰੀਆਂ ਕੁੜੀਆਂ ਉਸ ਨਾਲ ਗੱਲਬਾਤ ਕਰਨ ਲੱਗੀਆਂ। ਉਹ ਸਾਨੂੰ ਆਪਣੇ ਬਾਰੇ ਦੱਸਣ ਲੱਗ ਗਈ, ਹੌਲੀ -ਹੌਲੀ ਸਾਨੂੰ ਉਸਦੀਆਂ ਗੱਲਾਂ ਅਜੀਬ ਲੱਗਣ ਲੱਗ ਗਈਆਂ।ਇਸ ਵਿਚ ਸਾਨੂੰ ਅਜੀਬ ਇਹ ਲੱਗਿਆ ਕਿ ਉਹ ਕੁੜੀ ਨੌਕਰੀ ਦੀ ਤਲਾਸ਼ ਵਿਚ ਇਸ ਸ਼ਹਿਰ ਵਿਚ ਆਈ ਸੀ। ਇਸੇ ਲਈ ਉਹ ਪੀ.ਜੀ. ਲੈਣਾ ਚਾਹੁੰਦੀ ਸੀ, ਪਰ ਜਦੋਂ ਉਸ ਕੋਲੋਂ ਉਸ ਦੇ ਦਸਤਾਵੇਜ਼ ਮੰਗੇ ਗਏ ਤਾਂ ਉਸ ਕੋਲ ਕੋਈ ਦਸਤਾਵੇਜ਼ ਨਹੀਂ ਸੀ, ਸਾਰੇ ਇਹ ਸੋਚ ਕੇ ਹੈਰਾਨ ਹੋ ਗਏ ਕਿ ਬਿਨਾਂ ਦਸਤਾਵੇਜ਼ਾਂ ਦੇ ਉਸ ਨੂੰ ਨੌਕਰੀ ਕਿਵੇਂ ਮਿਲੇਗੀ। ਕੀ ਕੋਈ ਬਿਨਾਂ ਦਸਤਾਵੇਜ਼ਾਂ ਦੇ ਨੌਕਰੀ ਦੀ ਤਲਾਸ਼ ਕਰ ਸਕਦਾ ਹੈ? ਉਸ ਰਾਤ ਪੀ.ਜੀ. ਦੇ ਮਾਲਕ ਵੀ ਨਹੀਂ ਸਨ ਤਾਂ ਜੋ ਉਹਨਾਂ ਨੂੰ ਕੁਝ ਦੱਸ ਸਕਦੇ। ਸੋ, ਇਸ ਗੱਲ ਨੂੰ ਨਜ਼ਰਅੰਦਾਜ਼ ਕਰਦੇ ਹੋਏ ਉਸ ਨੂੰ ਪੀ.ਜੀ. ਵਿੱਚ ਰੱਖ ਲਿਆ ਗਿਆ। ਉਸ ਦੀਆਂ ਰਹੱਸਮਈ ਗੱਲਾਂ ਸੁਣ ਕੇ ਸਾਨੂੰ ਹੋਰ ਵੀ ਅਜੀਬ ਲੱਗਣ ਲੱਗਾ। ਜਿਉਂ-ਜਿਉਂ ਹਨੇਰਾ ਹੋਣ ਲੱਗਿਆ ਨੂੰ ਹੋਰ ਜ਼ਿਆਦਾ ਡਰ ਲੱਗਣ ਲੱਗ ਗਿਆ।

ਸਾਰੇ ਉਸ ਦਿਆਂ ਗੱਲਾਂ ਸੁਣ ਕੇ ਸੋਚਣ ਲੱਗ ਗਏ ਕਿ ਕਿਤੇ ਇਸਦਾ ਮਨੋਰਥ ਚੋਰੀ ਕਰਨਾ ਨਾ ਹੋਵੇ



ਜਾਂ ਉਸ ਕੋਲ ਕਈ ਹਥਿਆਰ ਨਾ ਹੋਵੇ। ਇਸ ਡਰ ਨੇ ਸਾਨੂੰ ਸਾਰਿਆਂ ਨੂੰ ਸਾਰੀ ਰਾਤ ਨਹੀਂ ਸੌਣ ਦਿੱਤਾ। ਉਸ ਦੀ ਨਿਗਰਾਨੀ ਲਈ ਅਸੀਂ ਸਾਰੀ ਰਾਤ ਜਾਗਦੇ ਰਹੇ। ਅਸੀਂ ਸਾਰੀ ਰਾਤ ਇੱਦਾਂ ਹੀ ਕੱਢੀ। ਜਦੋਂ ਸਵੇਰ ਹੋਈ, ਉਹ ਫਿਰ ਸਾਡੇ ਕੋਲ ਆ ਕੇ ਬੈਠ ਗਈ ਅਤੇ ਉਹ ਸਾਡੇ ਕਾਲਜ ਆਣ-ਜਾਣ ਦਾ ਸਮਾਂ ਪੁੱਛਣ ਲੱਗ ਗਈ, ਸੁਣਨ ਵਾਲੇ ਨੂੰ ਇਹ ਅਜੀਬ ਨਹੀ ਲੱਗੇਗਾ, ਪਰ ਇਸ ਤੋਂ ਬਾਅਦ ਉਹ ਸਾਡੀ ਅਲਮਾਰੀਆਂ ਬਾਰੇ ਪੁੱਛਣ ਲੱਗ ਗਈ, ਇਸ ਤੋਂ ਸਾਨੂੰ ਹੋਰ ਸ਼ੱਕ ਹੋਣ ਲੱਗ ਗਿਆ ਕਿ ਉਸਨੇ ਸ਼ਾਇਦ ਚੋਰੀ ਕਰਨੀ ਹੈ, ਪਰ ਇਹ ਸਾਰਾ ਕੁਝ ਅਸੀ ਉਸ ਨੂੰ ਨਹੀਂ ਦੱਸਿਆ। ਫਿਰ ਥੋੜੀ ਦੇਰ ਬਾਅਦ ਪੀ.ਜੀ. ਦੇ ਮਾਲਕ ਆ ਗਏ। ਅਸੀਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਤੇ ਉਹਨਾਂ ਨੇ ਸਾਰੀਆਂ ਕੁੜੀਆਂ ਦੀ ਸਲਾਹ ਪੁੱਛੀ। ਸਾਰਿਆਂ ਦਾ ਇੱਕੋ ਫ਼ੈਸਲਾ ਸੀ ਕਿ ਉਸਨੂੰ ਬਹਾਨੇ ਨਾਲ ਪੀ.ਜੀ. ਤੋਂ ਭੇਜ ਦਿੱਤਾ ਜਾਵੇ। ਸੋ, ਉਸ ਨੂੰ ਬਹਾਨਾ ਮਾਰਿਆ ਗਿਆ ਕਿ ਮਾਲਕ ਦੀ ਕੁੜੀ ਦਾ ਵਿਆਹ ਹੈ ਇਸ ਲਈ ਉਹ ਹੋਰ ਕੁੜੀਆਂ ਨਹੀਂ ਰੱਖ ਸਕਦੇ। ਉਹ ਉਦਾਸ ਹੋ ਕੇ ਚਲੀ ਗਈ। ਉਸਦੇ ਜਾਣ ਤੋਂ ਬਾਅਦ ਇਕ ਵਾਰ ਤਾਂ ਸਾਰਿਆਂ ਨੇ ਰਾਹਤ ਮਹਿਸੂਸ ਕੀਤੀ। ਪਰ ਇਹ ਰਾਹਤ ਕੁਝ ਪਲਾਂ ਦੀ ਹੀ ਸੀ।

ਹੌਲੀ-ਹੌਲੀ ਸਾਨੂੰ ਇਹ ਖ਼ਿਆਲ ਘੇਰਨ ਲੱਗਿਆ ਕਿ ਅਸੀਂ ਜੋ ਕੀਤਾ ਉਹ ਠੀਕ ਸੀ? ਕੀ ਉਸ ਨੂੰ ਇਕ ਮੌਕਾ ਨਹੀਂ ਦਿੱਤਾ ਜਾਣਾ ਚਾਹੀਦਾ ਸੀ? ਸਾਨੂੰ ਇਹ ਸੋਚ ਕੇ ਬੇਚੈਨੀ ਹੋਣ ਲੱਗੀ ਕਿ ਜੇ ਉਹ ਸੱਚਮੁੱਚ ਕਿਸੇ ਮੁਸੀਬਤ ਵਿੱਚ ਹੋਈ ਫੇਰ? ਕੀ ਪਤਾ ਉਸ ਨੂੰ ਸਾਡੀ ਮਦਦ ਦੀ ਲੋੜ ਹੁੰਦੀ? ਪਰ ਸਾਡੀ ਅਸੁਰੱਖਿਆ ਨੇ ਸਾਡੇ ਅੰਦਰ ਇੰਨਾ ਡਰ ਭਰ ਦਿੱਤਾ ਕਿ ਅਸੀਂ ਉਸ ਦੇ ਹੁੰਦਿਆਂ ਇਹ ਸੋਚਣ-ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਉਦੋਂ ਅਹਿਸਾਸ ਹੋਇਆ ਕਿ ਕੋਈ ਵੀ ਘਟਨਾ ਹੋਵੇ ਤਾਂ ਦੇ ਹਰ ਪਹਿਲੂ ਨੂੰ ਜਾਣ ਕੇ ਤੇ ਸੋਚ-ਸਮਝ ਕੇ ਹੀ ਕੋਈ ਫੈਸਲਾ ਲੈਣਾ ਚਾਹੀਦਾ ਹੈ ਤਾਂ ਜੋ ਬਾਅਦ ਵਿੱਚ ਕਿਸੇ ਗੱਲ ਦਾ ਪਛਤਾਵਾ ਨਾ ਹੋਵੇ।

ਸੰਪਾਦਕੀ ਬੋਰਡ: ਪ੍ਰੋ. ਸੁਖਮੀਨ ਬੇਦੀ, ਡਾ. ਆਤਮ ਸਿੰਘ ਰੰਧਾਵਾ। ਫ਼ੋਟੋ ਸੰਪਾਦਕ: ਰਾਜਬਿੰਦਰ ਸਿੰਘ

# ਵਿਦਿਆਰਥੀ ਨੈਟ ਪ੍ਰੀਖਿਆ 'ਚ ਪਾਸ



**ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਡਾ. ਮਹਿਲ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਮੀਨ ਬੇਦੀ, ਮੁਖੀ ਡਾ. ਆਤਮ ਸਿੰਘ ਰੰਧਾਵਾ, ਡਾ. ਭੂਪਿੰਦਰ ਸਿੰਘ ਅਤੇ ਡਾ. ਹੀਰਾ ਸਿੰਘ**

**ਖ਼ਾਲਸਾ ਕਾਲਜ।** ਸੁਸਾਇਟੀ ਅਧੀਨ ਚੱਲ ਰਹੇ ਵਿੱਦਿਅਕ ਅਦਾਰਿਆਂ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਦਸੰਬਰ 2019 ਵਿੱਚ ਯੂਨੀਵਰਸਿਟੀ ਗ੍ਰਾਂਟ ਕਮੀਸ਼ਨ (ਯੂਜੀਸੀ) ਵੱਲੋਂ ਲਿਆ ਗਿਆ ਕਾਲਜ ਅਧਿਆਪਕ ਯੋਗਤਾ ਦਾ ਨੈੱਟ ਟੈਸਟ ਪਾਸ ਕਰ ਲਿਆ ਹੈ।

ਪੰਜਾਬੀ ਵਿਭਾਗ ਦੇ ਵਿਦਿਆਰਥੀ ਗੁਰਵਿੰਦਰ ਸਿੰਘ ਜੂਨੀਅਰ ਰਿਸਰਚ ਫੈਲੋਸ਼ਿਪ (ਜੇਆਰਐੱਫ) ਦਾ ਟੈਸਟ ਪਾਸ ਕਰਕੇ ਯੂਜੀਸੀ ਦੀ ਫੈਲੋਸ਼ਿਪ ਹਾਸਲ ਕੀਤੀ ਜਦਕਿ ਗੁਰਪ੍ਰੀਤ ਕੌਰ, ਸ਼ਰਨਜੀਤ ਕੌਰ, ਦਇਆ ਸਿੰਘ, ਦਲਜੀਤ ਕੌਰ ਅਤੇ ਕੁਲਦੀਪ ਕੌਰ ਨੇ ਸਹਾਇਕ ਪ੍ਰੋਫ਼ੈਸਰ ਵਾਲੀ ਯੋਗਤਾ ਦਾ ਟੈਸਟ ਪਾਸ ਕੀਤਾ ਹੈ।

ਟੈਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਕਿਹਾ ਕਿ ਖ਼ਾਲਸਾ ਕਾਲਜ ਆਪਣੇ ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਲਈ ਹਮੇਸ਼ਾਂ ਤੋਂ ਤਤਪਰ ਰਿਹਾ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਪੱਧਰ ਦੀ ਇਸ ਯੋਗਤਾ ਨੂੰ ਪ੍ਰਾਪਤ ਕਰਕੇ ਸਾਡੇ ਵਿਦਿਆਰਥੀਆਂ ਨੇ ਕਾਲਜ ਦੇ ਉੱਚ-ਵਿੱਦਿਅਕ ਮਿਆਰ ਅਤੇ ਮਿਹਨਤੀ ਸਟਾਫ ਦੀ ਅਗਵਾਈ ਦਾ ਸਬੂਤ ਦਿੱਤਾ ਹੈ। ਟੈਸਟ ਪਾਸ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਹਨਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕੀਤੀ

ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਸਿੰਘ ਰੰਧਾਵਾ ਨੇ ਇਸ ਮੌਕੇ ਤੇ ਕਿਹਾ ਕਿ ਵਿਭਾਗ, ਕਾਲਜ ਮੈਨਜਮੈਂਟ ਅਤੇ ਪ੍ਰਿੰਸੀਪਲ ਸਾਹਿਬ ਦੀ ਅਗਵਾਈ ਵਿੱਚ ਅੱਗੇ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਭਾਗ ਆਪਣੀ ਵੱਖਰੀ ਸ਼ਾਨਦਾਰ ਲਾਇਬ੍ਰੇਰੀ ਹੈ। ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਯੂਜੀਸੀ ਦੀ ਮਾਨਤਾ ਪ੍ਰਾਪਤ ਮਿਆਰੀ ਖੋਜ ਰਸਾਲਾ 'ਸੰਵਾਦ' ਚਲਾਇਆ ਹੋਇਆ ਹੈ, ਜੋ ਉਚੇਰੀ ਸਿੱਖਿਆ ਦੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋ ਰਿਹਾ ਹੈ। ਉਹਨਾਂ ਨੇ ਟੈਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਮਿਹਨਤੀ ਅਧਿਆਪਕ ਅਤੇ ਚਿੰਤਕ ਬਣਨ ਦੀ ਪ੍ਰੇਰਨਾ ਦਿੱਤੀ।

# ਬੀਐਸਈ ਖੇਤੀਬਾੜੀ ਦੇ ਸਿਲੇਬਸ ਵਿਚ ਸਿਖਲਾਈ ਲਾਜ਼ਮੀ ਕੀਤੀ ਗਈਂ

**ਖ਼ਾਲਸਾ ਕਾਲਜ।** ਬੀਐਸਸੀ ਖੇਤੀਬਾੜੀ ਨਾਲ ਸੰਬੰਧਤ ਪੜ੍ਹਾਈ ਦੀ ਗੁਣਵੱਤਾ ਵਧਾਉਣ ਲਈ ਇੰਡੀਅਨ ਕਾਉਂਸਿਲ ਆਫ਼ ਐਗਰੀਕਲਚਰ ਰਿਸਰਚ ਵੱਲੋਂ ਸਿਲੇਬਸ ਵਿਚ ਕੀਤੀ ਸੋਧ ਨੂੰ ਖੇਤੀਬਾੜੀ ਸਿੱਖਿਆ ਦੇ ਸਿਲੇਬਸ ਵਿੱਚ ਹੂਬਹੂ ਲਾਗੂ ਕੀਤਾ ਗਿਆ ਹੈ। ਇਸ ਨੂੰ ਅਮਲ ਵਿਚ ਲਿਆਉਂਦਿਆਂ ਬੀਐਸਈ ਸਮੈਸਟਰ 7 ਅਤੇ 8 ਦੇ ਸਿਲੇਬਸ ਵਿਚ ਸਿਖਲਾਈ ਲਾਜ਼ਮੀ ਕਰ ਦਿੱਤੀ ਗਈ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਵਿਭਾਗ ਦੇ ਮੁਖੀ ਡਾ. ਰਣਦੀਪ ਕੌਰ ਨੇ ਦੱਸਿਆ ਕਿ ਪ੍ਰਿੰਸੀਪਲ ਡਾ. ਮਹਿਲ ਸਿੰਘ ਹੁਰਾਂ ਦੀ ਅਗਵਾਈ ਅਧੀਨ ਇਸ ਸੰਬੰਧੀ ਸਮੇਂ-ਸਮੇਂ ਦਿਸ਼ਾ-ਨਿਰਦੇਸ਼ ਦਿੱਤੇ ਜਾਂਦੇ ਹਨ । ਸਿਲੇਬਸ ਵਿਚ ਇਸ ਸਿਖਲਾਈ ਦੇ ਵੱਖ-ਵੱਖ ਮੌਡਿਊਲ ਸ਼ਾਮਲ ਕੀਤੇ ਗਏ ਹਨ। ਵਪਾਰਕ ਬਾਗਬਾਨੀ (ਕਮਰੀਅਸਲ ਹਾਰਟੀਕਲਚਰ) ਦੇ ਪੇਪਰ ਅਧੀਨ ਪਿਛਲੇ ਸਮੈਸਟਰ ਵਿਚ ਬੱਚਿਆਂ ਨੂੰ ਬੂਟਿਆ ਦੀ ਗੋਡੀ ਲਈ ਵਰਤੇ ਜਾਂਦੇ ਸੰਦਾਂ, ਵੱਖ-ਵੱਖ ਤਰੀਕਿਆਂ ਨਾਲ ਫਲ, ਸਬਜ਼ੀਆਂ, ਫੁੱਲ ਤੇ ਸਜਾਵਟੀ ਬੂਟੇ ਤਿਆਰ ਕਰਨ ਤੇ ਉਨ੍ਹਾਂ ਦੀ ਸਾਂਭ-ਸੰਭਾਲ਼, ਬੂਟੇ ਲਗਾਉਣ ਲਈ ਜ਼ਮੀਨ ਤਿਆਰ ਕਰਨ ਦੀ ਵਿਧੀ, ਕਾਂਟ-ਛਾਂਟ, ਬਾਗਾਂ ਦੀ ਸੰਭਾਲ, ਕੀੜੇ-ਮਕੌੜਿਆ ਦੀ ਰੋਕਥਾਮ ਵਧ ਝਾੜ ਲੈਣ ਦੀ ਵਿਧੀ, ਫਲਾਂ ਤੇ ਸਬਜ਼ੀਆਂ ਦੀਆਂ ਸੋਧੀਆਂ ਹੋਈਆਂ ਕਿਸਮਾਂ ਅਤੇ ਬਿਨਾਂ ਖਾਦਾਂ ਦੀ ਵਰਤੋਂ ਬੂਟੇ ਤਿਆਰ ਕਰਨ ਸੰਬੰਧੀ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਸਿਖਲਾਈ ਦੌਰਾਨ ਸਹਾਇਕ ਪ੍ਰੋਫ਼ੈਸਰ ਅਰਸ਼ਦੀਪ ਸਿੰਘ ਅਤੇ ਗੁਰਸੇਵਕ ਸਿੰਘ ਨੇ ਘਰਾਂ ਵਿਚ ਨਕਾਰਾ ਹੋ ਚੁੱਕੇ ਟੱਬ, ਬਾਲਟੀਆਂ, ਲ਼ੋਹੇ ਦੇ ਡਰੰਮ, ਬੋਤਲਾਂ, ਦੁੱਧ ਦੇ ਖ਼ਾਲੀ ਲਿਫ਼ਾਫ਼ਿਆਂ ਵਿਚ ਬੂਟਿਆਂ ਦੀ ਕਾਸ਼ਤ ਅਤੇ ਘਰ ਦੇ ਕੂੜੇ ਤੋਂ ਖਾਦ ਬਣਾਉਣਾ ਦੀ ਵਿਧੀ ਸੰਬੰਧੀ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ।

# 'ਸਾਇੰਸ ਅਤੇ ਟੈਕਨੋਲੋਜੀ ਵਿਭਾਗ' ਵੱਲੋਂ 68 ਲੱਖ ਦੀ ਗ੍ਰਾਂਟ ਮੰਜ਼ੂਰ



**ਖ਼ਾਲਸਾ ਕਾਲਜ ਮੈਨੇਜ਼ਮੈਂਟ ਵਿਖੇ ਸ: ਰਜਿੰਦਰ ਮੋਹਨ ਸਿੰਘ ਛੀਨਾ 68 ਲੱਖ ਰੁਪਏ ਦੀ ਗ੍ਰਾਂਟ ਮੰਜ਼ੂਰ ਹੋਣ ਦੇ ਮਿਲੇ ਮੰਜ਼ੂਰੀ ਪੱਤਰ ਵਿਖਾਉਂਦੇ ਹੋਏ ਨਾਲ ਹਨ ਪ੍ਰਿੰਸੀਪਲ ਡਾ. ਮਹਿਲ ਸਿੰਘ ਅਤੇ ਕੌਂਸਲ ਦੇ ਅੰਡਰ ਸੈਕਟਰੀ ਡੀ. ਐਸ. ਰਟੌਲ**

**ਖ਼ਾਲਸਾ ਕਾਲਜ ।** ਭਾਰਤ ਸਰਕਾਰ ਦੇ 'ਸਾਇੰਸ ਅਤੇ ਟੈਕੇਨੋਲੋਜੀ ਵਿਭਾਗ' ਵੱਲੋਂ ਫਿਸਟ 2019 ਪ੍ਰੋਗਰਾਮ ਅਧੀਨ 68 ਲੱਖ ਰੁਪਏ ਦੀ ਗ੍ਰਾਂਟ ਮੰਜ਼ੂਰ ਹੋਈ ਹੈ। ਗ੍ਰਾਂਟ ਮੰਜ਼ੂਰ ਹੋਣ 'ਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਆਪਣੇ ਮੈਨੇਜ਼ਮੈਂਟ ਦਫ਼ਤਰ ਵਿਖੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਕੌਂਸਲ ਵੱਲੋਂ ਵਿਦਿਆਰਥੀਆਂ, ਵਿੱਦਿਆ ਅਤੇ ਰੋਜ਼ਗਾਰ ਦੇ ਸਾਧਨ ਮੁਹੱਈਆ ਕਰਵਾਉਣ ਲਈ ਅਤਿਆਧੁਨਿਕ ਤਕਨੀਕ ਨਾਲ ਜੋੜਣ ਵਾਸਤੇ ਉਚ ਪੱਧਰ 'ਤੇ ਮਾਹਿਰਾਂ ਦੀ ਰਾਏ ਹਾਸਲ ਕੀਤੀ ਜਾਂਦੀ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਸ: ਛੀਨਾ ਦੀ ਮੌਜੂਦਗੀ ਚ ਕਿਹਾ ਕਿ ਬਹੁਤ ਹੀ ਮਾਣ ਤੇ ਖ਼ੁਸ਼ੀ ਦੀ ਗੱਲ ਹੈ ਕਿ ਕਾਲਜ ਨੂੰ ਸਭ ਤੋਂ ਵੱਧ ਗ੍ਰਾਂਟ ਹਾਸਲ ਹੋਈ ਹੈ। ਉਨਾਂ ਨੇ ਕਿਹਾ ਕਿ ਇਸ ਸਕੀਮ ਦੀ ਗ੍ਰਾਂਟ ਲਈ ਸਮੁੱਚੇ ਭਾਰਤ 'ਚੋਂ 253 ਕਾਲਜਾਂ ਨੇ ਅਪਲਾਈ ਕੀਤਾ ਸੀ। ਪਰ ਇਸ ਚੋਂ ਸਿਰਫ਼ 18 ਕਾਲਜਾਂ ਨੂੰ ਹੀ, ਜਿਨ੍ਹਾਂ ਚੋਂ ਖ਼ਾਲਸਾ ਕਾਲਜ ਇਕ ਹੈ, ਡੀ.ਐਸ.ਟੀ. ਦੇ ਫਿਸਟ ਐਡਵਾਇਸਰੀ ਬੋਰਡ (ਫਿਸਟਾਬ) ਵੱਲੋਂ ਗ੍ਰਾਂਟ ਦੇਣ ਦੀ ਸਿਫ਼ਾਰਸ਼ ਕੀਤੀ ਗਈ। ਉਨਾਂ ਇਹ ਵੀ ਜਾਣਕਾਰੀ ਦਿੱਤੀ ਕਿ ਇਸ ਗ੍ਰਾਂਟ ਦੀ ਰਕਮ ਸਾਇੰਸ ਵਿਭਾਗਾਂ 'ਚ ਉਪਕਰਣ, ਸੋਫ਼ਟਵੇਅਰ ਖਰੀਦਣ ਅਤੇ ਕੰਪਿਊਟਰ ਲੈਬਾਂ ਸਥਾਪਿਤ ਕਰਨ ਲਈ ਖ਼ਰਚੀ ਜਾਵੇਗੀ। ਇਸ ਮੌਕੇ ਪ੍ਰਿੰਸੀਪਲ ਡਾ. ਮਹਿਲ ਸਿੰਘ ਅਤੇ ਸਮੂਹ ਅਧਿਆਪਕਾਂ ਨੇ ਕੌਂਸਲ ਦੇ ਪ੍ਰਧਾਨ ਸ. ਸੱਤਿਆਜੀਤ ਸਿੰਘ ਮਜੀਠੀਆ ਅਤੇ ਸ. ਛੀਨਾ ਦਾ ਇਸ ਸਨਮਾਨ ਹਾਸਲ ਕਰਨ ਲਈ ਉਨਾਂ ਦੀ ਯੋਗ ਅਗਵਾਈ, ਹੌਂਸਲਾ ਅਫਜ਼ਾਈ ਅਤੇ ਮਿਲਵਰਤਣ ਲਈ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਉਕਤ ਗ੍ਰਾਂਟ ਦੇ ਸਬੰਧ ਚ ਪ੍ਰਿੰ. ਡਾ. ਮਹਿਲ ਸਿੰਘ, ਡਾ. ਤਮਿੰਦਰ ਸਿੰਘ ਭਾਟੀਆ, ਡਾਇਰੈਕਟਰ ਆਈ. ਕਿਊ. ਏ. ਸੀ., ਡਾ. ਅਮਿਤ ਆਨੰਦ, ਕੋਆਰਡੀਨੇਟਰ ਅਤੇ ਡਾ. ਅਜੈ ਸਹਿਗਲ, ਡਿਪਟੀਕੋਆਰਡੀਨੇਟਰ, ਸੀ. ਪੀ. ਈ. ਨੇ ਬਨਾਰਸ ਹਿੰਦੂ ਯੂਨੀਵਰਸਿਟੀ, ਵਾਰਾਨਸੀ ਵਿਖੇ ਫ਼ਿਸਟ2019 ਪ੍ਰੋਗਰਾਮ ਬਾਰੇ ਸਤੰਬਰ 2019 ਚ ਪਰੈਸੰਟੇਸ਼ਨ ਦਿੱਤੀ ਸੀ। ਸ: ਛੀਨਾ ਨੇ ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਅਤੇ ਉਨਾਂ ਦੇ ਸਟਾਫ਼ ਦੁਆਰਾ ਕੀਤੇ ਗਏ ਯਤਨਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਉਨਾਂ ਨਾਲ ਖ਼ਾਲਸਾ ਕਾਲਜ ਚਵਿੰਡਾ ਦੇਵੀ ਦੇ ਪ੍ਰਿੰਸੀਪਲ ਡਾ. ਐਚ. ਬੀ. ਸਿੰਘ, ਕੌਂਸਲ ਦੇ ਅੰਡਰ ਸੈਕਟਰੀ ਡੀ. ਐਸ. ਰਟੌਲ ਵੀ ਮੌਜੂਦ ਸਨ।

## ਤਸਵੀਰਾਂ ਦੀ ਜ਼ੁਬਾਨੀ



**ਕਾਮਰਸ ਵਿਭਾਗ ਦੀ ਐਮਫ਼ਿਲ ਦੀ** ਵਿਦਿਆਰਥਣ ਮਨਜੋਤ ਕੌਰ ਨੇ ਜੇਆਰਐਫ਼ ਪ੍ਰੀਖਿਆ ਪਾਸ ਕੀਤੀ, ਜਦ ਕਿ ਸ਼ੈਰੀ ਨੇ ਨੈੱਟ ਪ੍ਰੀਖਿਆ ਪਾਸ ਕੀਤੀ। ਵਿਭਾਗ ਦੇ ਮੁਖੀ ਡਾ. ਅਵਤਾਰ ਸਿੰਘ ਅਤੇ ਕਲਾਸ ਇੰਚਾਰਜ ਡਾ. ਅਜੇ ਸਹਿਗਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



**ਖ਼ਾਲਸਾ ਕਾਲਜ ਚਵਿੰਡਾ ਦੇਵੀ** ਦੇ ਅਰਥ-ਸ਼ਾਸ਼ਤਰ ਵਿਭਾਗ ਦੇ ਪ੍ਰੋ. ਸਿਮਰਨਜੀਤ ਕੌਰ ਨੇ ਜੇਆਰਐੱਫ ਹਾਸਲ ਕੀਤੀ।ਅੰਗਰੇਜ਼ੀ ਵਿਭਾਗ ਦੇ ਅਧਿਆਪਕ ਪ੍ਰੋ. ਬਿਕਰਮਜੀਤ ਸਿੰਘ ਨੇ ਸਹਾਇਕ ਪ੍ਰੋਫ਼ੈਸਰ ਵਾਲੀ ਯੋਗਤਾ ਦਾ ਟੈਸਟ ਪਾਸ ਕੀਤਾ। ਪ੍ਰਿੰਸੀਪਲ ਡਾ. ਐਚ.ਬੀ. ਸਿੰਘ ਨੇ ਇਹਨਾਂ ਦੋਹਾਂ ਅਧਿਆਪਕਾਂ ਨੂੰ ਇਸ ਮਾਣਮੱਤੀ ਪ੍ਰਾਪਤੀ ਲਈ ਵਧਾਈ ਦਿੱਤੀ।

# ਬਾਗਬਾਨੀ ਵਿਭਾਗ 'ਚ ਗੁਣਕਾਰੀ ਬੂਟਿਆਂ ਦਾ ਵਿਸ਼ੇਸ਼ ਬਲਾਕ ਸਥਾਪਿਤ

**ਖ਼ਾਲਸਾ ਕਾਲਜ** (ਮਨਪ੍ਰੀਤ ਸਿੰਘ): ਖ਼ਾਲਸਾ ਕਾਲਜ ਦੇ ਬਾਗਬਾਨੀ ਵਿਭਾਗ ਵੱਲੋਂ ਫਲਾਂ ਦੇ ਬੂਟਿਆ ਦੇ ਨਾਲ-ਨਾਲ ਮਸਾਲਿਆਂ ਦੇ ਪੌਦੇ ਵੀ ਲਗਾਏ ਗਏ ਅਤੇ ਇਨ੍ਹਾਂ ਦਾ ਇਕ ਵੱਖਰਾ ਬਲਾਕ ਵੀ ਸਥਾਪਤ ਕੀਤਾ ਗਿਆ।ਇਸ ਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਕੀਤਾ। ਇਸ ਬਲਾਕ ਅੰਦਰ ਅਸ਼ਵਗੰਧਾ, ਕੁਆਰ ਗੰਦਲ, ਲੌਂਗ, ਤੁਲਸੀ ਸਮੇਤ ਕਈ ਗੁਣਕਾਰੀ ਬੂਟੇ ਲਾਏ ਗਏ ਹਨ।

ਪ੍ਰਿੰਸੀਪਲ ਡਾ. ਮਹਿਲ ਸਿੰਘ ਹੁਰਾਂ ਨੇ ਇਨ੍ਹਾਂ ਦੀ ਮਹਤੱਤਾ ਦਸਦਿਆਂ ਕਿਹਾ ਕਿ ਇਨ੍ਹਾਂ ਜੜੀ-ਬੂਟੀਆਂ ਦਾ ਸੇਵਨ ਸਾਡੇ ਸਰੀਰ ਦੀ ਤੰਦਰੁਸਤੀ ਲਈ ਬਹੁਤ ਹੀ ਲਾਹੇਵੰਦ ਹੈ ਅਤੇ ਇਹ ਸਾਨੂੰ ਕਈ ਬਿਮਾਰੀਆ ਤੋ ਬਚਾਉਦੇ ਹਨ। ਉਨ੍ਹਾਂ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਹੋਰ ਕਿਸਮਾਂ ਦੇ ਬੂਟੇ ਲਾਉਣ ਅਤੇ ਇਨ੍ਹਾਂ ਦੀ ਬੂਟਿਆਂ ਦੀ ਸਿਹਤਮੰਦ ਸਾਂਭ-ਸੰਭਾਲ਼ ਲਈ ਨੁਕਤੇ ਵੀ ਦੱਸੇ।ਨਰਸਰੀ ਦੇ ਇੰਚਾਰਜ ਡਾ. ਅਮਰਜੀਤ ਕੌਰ ਨੇ ਦੱਸਿਆ ਕਿ ਪ੍ਰਿੰਸੀਪਲ ਸਾਹਿਬ ਦੀ ਯੋਗ ਅਗਵਾਈ ਵਿਚ ਇਸਦਾ ਹੋਰ ਵਿਸਥਾਰ ਕੀਤਾ ਜਾਵੇਗਾ ਅਤੇ ਬੱਚਿਆ ਨੂੰ ਇਨ੍ਹਾਂ ਪੌਦਿਆ ਬਾਰੇ ਖੋਜ ਕਾਰਜ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ ਵਿਭਾਗ ਅਧਿਆਪਕਾਂ ਨਾਲ ਵਿਚਾਰ-ਵਟਾਂਦਰਾ ਕਰਕੇ ਢੁੱਕਵੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ।



# ਰਹਿੰਦ-ਖੂੰਹਦ ਦੇ ਪ੍ਰਬੰਧਨ ਵਾਸਤੇ ਖੋਜ ਤੇ ਸਰਬੋਤਮ ਪੇਸ਼ਕਾਰੀ ਐਵਾਰਡ ਮਿਲਿਆ

**ਖ਼ਾਲਸਾ ਕਾਲਜ** 'ਨੈਸ਼ਨਲ ਇੰਸਟੀਚਿਊਟ ਆਫ਼ ਫ਼ੂਡ ਟੈਕਨਾਲੋਜੀ ਐਂਟਰਪ੍ਰੇਨਿਊਰਸ਼ਿਪ ਐਂਡ ਮੈਨੇਜ਼ਮੈਂਟ, ਸੋਨੀਪਤ ਵਿਖੇ ਆਯੋਜਿਤ 'ਰਿਸਰਚ ਮੈਥੋਡੋਲੋਜੀ ਐਂਡ ਰਿਸਰਚ ਪਬਲੀਕੇਸ਼ਨ ਐਂਡ ਰਿਸਰਚ ਕੇਸ' ਵਿਸ਼ੇ 'ਤੇ 5 ਰੋਜ਼ਾ ਪ੍ਰਤੀਯੋਗੀ ਵਰਕਸ਼ਾਪ 'ਚ ਪ੍ਰਭਾਵਸ਼ਾਲੀ ਭੋਜਨ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਬਾਰੇ ਖ਼ੁਰਾਕ ਵਿਗਿਆਨ ਅਤੇ ਟੈਕਨਾਲੋਜੀ ਵਿਭਾਗ ਦੇ ਵਿਦਿਆਰਥੀਆਂ ਨੂੰ ਖੋਜ ਤੇ ਸਰਬੋਤਮ ਪੇਸ਼ਕਾਰੀ ਐਵਾਰਡ ਮਿਲਿਆ। ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਪ੍ਰਾਪਤੀ ਲਈ ਵਧਾਈ ਦਿੰਦਿਆਂ ਦੱਸਿਆ ਕਿ ਇਸ ਪ੍ਰਤੀਯੋਗਤਾ 'ਚ 27 ਯੂਨੀਵਰਸਿਟੀਆਂ ਦੇ 90 ਵਿਦਵਾਨਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚੋਂ ਕਾਲਜ ਦੇ ਵਿਦਿਆਰਥੀਆਂ ਨੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਕੇ ਇਹ ਸਨਮਾਨ ਹਾਸਲ ਕੀਤਾ।



**'ਨੈਸ਼ਨਲ ਇੰਸਟੀਚਿਊਟ ਆਫ਼ ਫ਼ੂਡ ਟੈਕਨਾਲੋਜੀ ਐਂਟਰਪ੍ਰੇਨਿਊਰਸ਼ਿਪ ਐਂਡ ਮੈਨੇਜ਼ਮੈਂਟ ਵਰਕਸ਼ਾਪ' ਦੌਰਾਨ ਸਨਮਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਡਾ. ਮਹਿਲ ਸਿੰਘ।**

# Wordsworth Workshop



The resource person was Mr. Gurminder Singh demonstrating Wordsworth software.

**Khalsa College**: The one day workshop was organised by PG Department of English on January 25, 2020. The resource person was Mr. Gurminder Singh of Wordsworth Software company. The faculty of the department attended the workshop. The aim of the workshop was to acquaint the faculty of the department with the use of the Wordsworth software and the create awareness about the latest additions to the software.The workshop was inaugurated by the Principal Dr Mehal Singh. In his address he stressed the need to have more of such workshops which can help the faculty and the students. It is also the need of the hour to equip oneself with the latest in the field of language and literature. In this age of internet, the faculty should become a role model in guiding the students in the beneficial use of the net. The resource person demonstrated how to use the Wordsworth software. The faculty members actively participated in the various skill based activities conducted by the resource person. It was also a great opportunity for the faculty to brush up their knowledge about the latest techniques used in the software. Prof Sukhmeen Bedi, head , PG Department of English thanked the resource person and the faculty for their enthusiastic response to the event. She also encouraged the faculty to arrange more such functions in the department so that optimum use of the language lab can be made.



Miss and Mrs Punjab 2019 produced by sparkles production held at Chandigarh. Five students Khalsa college Amritsar. competed with 30 contestants from overall India. Aditi and Sandeep Kaur were in top 10 nd Smiley won Miss Smiley tag, Prof. Samreet Kaur won Miss Congeniality tag and was 2nd runner up, while Taran Bhagtana won 1st runner up title. Show was organized by Prabhjot Kaur and Kamal. Four day grooming session was given to groom all the contestants.

# Employability Skills

In times like these , when technical knowledge, training and experience are the mantras to get ahead in the job market, what about those who lack employability, transferable, generic or what is popularly called life skills.

There is a gap between available skills and the skills required by the employees, which is the reason for people not getting hired. It is one of the main reason for missed opportunities and derailed careers. So the question arises:

**What do the employers need?**

In addition to the basic skills required for a job like academic qualification,physical requirements etc, the employers seek basic four Cs which are critical thinking,creativity, collaboration and communication. There is need to develop the employability skills among the students.

**What is employability?**

It is the capability of a person to gain employment related or job readiness skills like communication, confidence, attention to details, problem solving, team building and the ability to analyze. They are basically non technical skills and competency skills which play a very significant part in contributing to individuals effective and successful participation in the work place. The prominent employability skills are:

- **Communication skills**
- **Negotiation skills**
- **Persuasion skills**
- **Planning and organizing skills**
- **Team work skills**
- **Problem solving skills**
- **Self management**
- **Technical awareness**
- **Initiativeand enterprise**
- **Life long learning**
- **Leadership skills.**

The students need to develop these skills which will help them gain employment opportunities. Develop them and face the world with skills.

■CAREER GUIDANCE CELL

# Workshop on 'Orientalism'



Miss Maru KREJCOVA addressing the workshop

**Khalsa College**: The Post Graduate Dept. of English of the historic Khalsa College organized an extension lecture on Orientalism. Miss Maru KREJCOVA, from Czech Republic, a distinguished teacher working for the pre-school dyslexia students graced the occasion as a resource person.

Dr. Mehal Singh, The Principal of The College presided. The event commenced with the recitation of college Shabad. The Guests were welcomed and introduced by Prof. Sukhmeen Bedi (Dean Academics Affairs and Head of the Dept.).

Dr. Mehal Singh emphasized on the interaction with Westerns to dispel the misbeliefs regarding Indian people. Miss Maru explained the mannerism through which the discourse is created about Eastern countries in how reality differs when the place is visited. The students of B.A. Honors English and M.A. English benefitted to the occasion.

Prof. Anupam Sandhu presented the Vote of Thanks, Prof. Supninderjit Kaur, Prof. Parneet Dhillon, Dr. Sawant Singh Manto, Prof. Malkinder Singh, Prof. Daljeet Singh, Prof. Mamta Mahendru, Prof. Vijay Bernard. Prof. Jaswinder Kaur, Prof. Pooja Kalia, Prof. Gurpreet Singh, Prof. Harsh Salaria, Prof. Saurav Megh and other faculty members were present on this occasion.

# Seminar on Work and Study in Canada




Physiotherapist Mr.Siddharth Bhatia after Seminar

**Khalsa College** (Niharika Sharma):The Post Graduate Department of physiotherapy organised seminar on work and study in canada as physiotherapist The seminar was inaugurated by chief guest Mr.Siddharth Bhatia, Education Manager , Etobicoke ,Canad. Dr.Davinder Kaur Dhillon, HOD welcomed the chief guest. He informed about the benefits of study and working in Canada. Mrs.Kawaldeep kaur, Mrs. Manu Vishist, Mrs.Harneet Kaur, Mrs. Rajdeep Kaur, Mrs. Manpreet Kaur, Mrs. Rajkiranbir Kaur, Mrs. Sandeep Kaur, Mrs. Monika, Mrs .Navneet kaur was also attended the seminar.


ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ

## ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ-2020

ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ

ESTD. 1892

| ਦਿਨ ਤੇ ਮਿਤੀ | ਪਹਿਲਾ ਦਿਨ 11.02.2020 | ਦੂਜਾ ਦਿਨ 12.02.2020 | ਤੀਜਾ ਦਿਨ 13.02.2020 | ਚੌਥਾ ਦਿਨ 14.02.2020 |
|---|---|---|---|---|
| | ਉਦਘਾਟਨ/ਰੂਬਰੂ/ਕਵੀ ਦਰਬਾਰ | ਸੈਮੀਨਾਰ/ਸੰਗੀਤਕ ਪੇਸ਼ਕਾਰੀ | ਪੈਨਲ ਚਰਚਾ/ਲੋਕ ਗੀਤ ਪੇਸ਼ਕਾਰੀ | ਪੈਨਲ ਚਰਚਾ/ਕਵੀ ਦਰਬਾਰ/ਵਿਦਾਇਗੀ |
| ਸਵੇਰੇ 10.30 ਵਜੇ | ਉਦਘਾਟਨੀ ਸਮਾਰੋਹ<br>ਮੁੱਖ ਮਹਿਮਾਨ : ਡਾ. ਸੁਰਜੀਤ ਪਾਤਰ<br>ਪ੍ਰਧਾਨਗੀ : ਸ. ਰਜਿੰਦਰ ਮੋਹਨ ਸਿੰਘ ਛੀਨਾ<br>ਵਿਸ਼ੇਸ਼ ਮਹਿਮਾਨ : ਡਾ. ਲਖਵਿੰਦਰ ਸਿੰਘ ਜੌਹਲ<br>ਸੁਆਗਤ : ਡਾ. ਮਹਿਲ ਸਿੰਘ<br>ਰਿਲੀਜ਼ ਰਸਮ : ਸੰਵਾਦ ਦਾ 11ਵਾਂ ਅੰਕ | ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ : ਵਰਤਮਾਨ ਚੁਣੌਤੀਆਂ<br>ਪਹਿਲਾ ਸੈਸ਼ਨ<br>ਮੁੱਖ ਮਹਿਮਾਨ : ਸ. ਅਜਾਇਬ ਸਿੰਘ ਚੱਠਾ (ਕੈਨੇਡਾ)<br>ਵਿਸ਼ੇਸ਼ ਮਹਿਮਾਨ : ਡਾ. ਯੋਗਰਾਜ (ਚੰਡੀਗੜ੍ਹ)<br>ਪ੍ਰਧਾਨਗੀ : ਡਾ. ਰਮਿੰਦਰ ਕੌਰ<br>ਮੁੱਖ ਭਾਸ਼ਣ : ਡਾ. ਮਨਮੋਹਨ (IPS) | ਡਿਜ਼ੀਟਲ ਮੀਡੀਆ ਤੇ ਸਾਹਿਤਕ ਪੱਤਰਕਾਰੀ<br>ਡਾ. ਜੋਗਿੰਦਰ ਸਿੰਘ ਕੈਰੋਂ : ਅਜੋਕੇ ਸ਼ਿਲਾਲੇਖ<br>ਜਿੰਦਰ : ਸ਼ਬਦ<br>ਡਾ. ਰਜਨੀਸ਼ ਬਹਾਦਰ ਸਿੰਘ : ਪ੍ਰਵਚਨ<br>ਵਿਸ਼ਾਲ : ਅੱਖਰ<br>ਅਜਮੇਰ ਸਿੱਧੂ/ਧਰਵਿੰਦਰ ਔਲਖ : ਰਾਗ<br>ਅਰਤਿੰਦਰ ਸੰਧੂ : ਏਕਮ | ਪੈਨਲ ਚਰਚਾ<br>ਨਾਟਕਕਾਰ/ਨਿਰਦੇਸ਼ਕ/ਫ਼ਿਲਮਕਾਰ<br>ਕੇਵਲ ਧਾਲੀਵਾਲ<br>ਰਾਜੀਵ ਕੁਮਾਰ |
| 11.30 ਵਜੇ | ਰੂਬਰੂ<br>ਪੰਜਾਬੀ ਸ਼ਾਇਰ<br>ਪਦਮ ਸ੍ਰੀ ਸੁਰਜੀਤ ਪਾਤਰ | ਸੰਗੀਤ/ਲੋਕ ਗੀਤ ਪੇਸ਼ਕਾਰੀ<br>ਰਬਾਬ/ਸਾਰੰਦਾ/ਢਾਡੀ<br>ਫੋਕ ਆਰਕੈਸਟਰਾ | ਨਾਟਕ ਪੇਸ਼ਕਾਰੀ<br>ਵਿਸਮਾਦ | ਕਵੀ ਦਰਬਾਰ ਤੇ ਵਿਦਾਇਗੀ ਸਮਾਰੋਹ<br>ਮੁੱਖ ਮਹਿਮਾਨ : ਸ. ਸੁਖਚੈਨ ਸਿੰਘ ਗਿੱਲ (IPS)<br>ਕਵੀ: ਤਨਵੀਰ, ਵਾਹਿਦ, ਜੱਗਦੀਪ, ਜਗਦੀਪ ਸਿੱਧੂ, ਰਮਨ ਸੰਧੂ, ਚਮਨਦੀਪ ਦਿਓਲ, ਮੀਤ ਅਨਮੋਲ, ਬਲਕਾਰ ਔਲਖ, ਭੁਪਿੰਦਰਪ੍ਰੀਤ, ਅਮਰਜੀਤ ਅਮਰ, ਅਮਨ ਸੀ. ਸਿੰਘ, ਸਿਮਰਨ ਅਕਸ |
| 01.30 ਵਜੇ | ਅੰਮ੍ਰਿਤਸਰ ਕਵੀ ਦਰਬਾਰ<br>ਪ੍ਰਧਾਨਗੀ : ਸ. ਬਖ਼ਤਾਵਰ ਸਿੰਘ (IAS)<br>ਮੁੱਖ ਮਹਿਮਾਨ : ਗ.ਸ. ਨਕਸ਼ਦੀਪ ਪੰਜਕੋਹਾ<br>ਕਵੀ : ਅਜਾਇਬ ਹੁੰਦਲ, ਅੰਬਰੀਸ਼, ਦੇਵ ਦਰਦ, ਸਿਮਰਤ ਗਗਨ, ਭੁਪਿੰਦਰਪ੍ਰੀਤ, ਮਲਵਿੰਦਰ, ਰੋਜ਼ੀ ਸਿੰਘ, ਗੁਰਬਾਜ਼ ਛੀਨਾ, ਮਹਾਂਬੀਰ ਗਿੱਲ | ਦੂਜਾ ਸੈਸ਼ਨ<br>ਮੁੱਖ ਮਹਿਮਾਨ : ਸ. ਗੁਰਭੇਜ ਸਿੰਘ ਗੁਰਾਇਆ<br>ਪ੍ਰਧਾਨਗੀ : ਡਾ. ਮਹਿਲ ਸਿੰਘ<br>ਖੋਜ-ਪੱਤਰ : ਡਾ. ਕੁਲਵੀਰ (ਦਿੱਲੀ)<br>: ਡਾ. ਰਵਿੰਦਰ ਰਵੀ (ਦਿੱਲੀ)<br>: ਡਾ. ਨਛੱਤਰ ਸਿੰਘ (ਦਿੱਲੀ) | ਲੋਕ ਨਾਚ ਪੇਸ਼ਕਾਰੀ<br>ਗਿੱਧਾ ਅਤੇ ਭੂਮਰ<br>ਲੋਕ ਗੀਤ ਪੇਸ਼ਕਾਰੀ | |

ਪੰਜਾਬ ਕਲਾ ਪਰੀਸ਼ਦ, ਚੰਡੀਗੜ੍ਹ ਸਹਿਯੋਗ ਪੰਜਾਬੀ ਅਕਾਦਮੀ, ਦਿੱਲੀ